**An Initiative of SCERT Punjab under Mission 100% : Give Your Best**

# SIMPLIFIED MATERIAL
# SOCIAL SCIENCE
## CLASS: 8th

1. ਧਰਤੀ ਦਾ ਕਿੰਨ੍ਹੇ ਪ੍ਰਤੀਸ਼ਤ ਹਿੱਸਾ ਪਾਣੀ ਹੈ?

(ੳ) 80% (ਅ) 71% (ੲ) 65% (ਸ) 55%

ਉੱਤਰ:-71%

2. ਬਾਕੀ ਸਾਧਨਾਂ ਦੇ ਵਿਕਾਸ ਲਈ ਕਿਹੜਾ ਸਾਧਨ ਪੂਰੀ ਤਰ੍ਹਾਂ ਵਿਕਸਿਤ ਹੋਣਾ ਚਾਹੀਦਾ ਹੈ?

(ੳ) ਖਣਿਜ ਸਾਧਨ (ਅ) ਨਾ-ਮੁੱਕਣਯੋਗ ਸਾਧਨ (ੲ) ਮੁੱਕਣਯੋਗ ਸਾਧਨ (ਸ) ਮਨੁੱਖੀ ਸਾਧਨ

ਉੱਤਰ:- ਮਨੁੱਖੀ ਸਾਧਨ

3. ਧਰਤੀ ਦੇ ਕਿੰਨ੍ਹੇ ਪ੍ਰਤੀਸ਼ਤ ਜੀਵ ਸਮੁੰਦਰਾਂ ਤੋਂ ਉਤਪੰਨ ਹੋਏ ਹਨ?

(ੳ) 75% (ਅ) 54% (ੲ) 45% (ਸ) 79%

ਉੱਤਰ:-75%

4. ਸੰਸਾਰ ਦੇ ਕਿੰਨ੍ਹੇ ਪ੍ਰਤੀਸ਼ਤ ਭੋਜਨ ਪਦਾਰਥ ਜੀਵ ਸਾਧਨਾਂ ਤੇ ਨਿਰਭਰ ਹਨ?

(ੳ) 20 % (ਅ) 50 % (ੲ) 85 % (ਸ) 90%

ਉੱਤਰ:-85%

5. ਲੋਹਾ, ਤਾਂਬਾ, ਚਾਂਦੀ, ਸੋਨਾ ਆਦਿ ਕਿਹੜੇ ਖਣਿਜ ਪਦਾਰਥ ਹਨ?

(ੳ) ਧਾਤੂ ਖਣਿਜ (ਅ) ਅਧਾਤੂ ਖਣਿਜ (ੲ) ਪ੍ਰਮਾਣੂ ਖਣਿਜ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

ਉੱਤਰ:- ਧਾਤੂ ਖਣਿਜ

6. ਜਿਹੜੇ ਸਾਧਨ ਮੌਜੂਦ ਤਾਂ ਹਨ ਪਰ ਉਨ੍ਹਾਂ ਦੀ ਕੋਈ ਵਰਤੋਂ ਨਹੀਂ ਹੁੰਦੀ, ਕੀ ਅਖਵਾਉਂਦੇ ਹਨ?

(ੳ) ਮੁੱਕਣ-ਯੋਗ ਸਾਧਨ (ਅ) ਸੰਭਾਵਿਤ ਸਾਧਨ (ੲ) ਵਿਕਸਤ ਸਾਧਨ (ਸ) ਨਾ-ਮੁੱਕਣਯੋਗ ਸਾਧਨ

ਉੱਤਰ:- ਸੰਭਾਵਿਤ ਸਾਧਨ

7. ਪੈਟਰੋਲੀਅਮ, ਅਬਰਕ, ਕੋਲਾ, ਮੈਂਗਨੀਜ਼ ਕਿਸ ਤਰ੍ਹਾਂ ਦੇ ਖਣਿਜ ਪਦਾਰਥ ਹਨ?

(ੳ) ਧਾਤੂ ਖਣਿਜ (ਅ) ਅਧਾਤੂ ਖਣਿਜ (ੲ) ਪ੍ਰਮਾਣੂ ਖਣਿਜ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

ਉੱਤਰ:- ਅਧਾਤੂ ਖਣਿਜ

8. ਹੇਠ ਲਿਖਿਆਂ ਵਿੱਚੋਂ ਕਿਹੜਾ ਸਾਧਨ ਨਿਰਜੀਵ ਸਾਧਨਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ?

(ੳ) ਜੀਵ-ਜੰਤੂ (ਅ) ਪੌਦੇ (ੲ) ਮਨੁੱਖ (ਸ) ਖਣਿਜ ਪਦਾਰਥ

ਉੱਤਰ:- ਖਣਿਜ ਪਦਾਰਥ

9. ਹੇਠ ਲਿਖਿਆਂ ਵਿੱਚੋਂ ਕਿਹੜੇ ਸਾਧਨ ਨੂੰ ਕੁਦਰਤੀ ਸਾਧਨਾਂ ਦੀ ਸੂਚੀ ਵਿੱਚ ਸ਼ਾਮਿਲ ਨਹੀਂ ਕੀਤਾ ਜਾ ਸਕਦਾ?

(ੳ) ਖਣਿਜ ਪਦਾਰਥ (ਅ) ਜੰਗਲ (ੲ) ਦਰਿਆ (ਸ) ਮਸ਼ੀਨਰੀ

ਉੱਤਰ:- ਮਸ਼ੀਨਰੀ

10. ਭਾਰਤ ਦੇ ਖੇਤਰਫ਼ਲ ਦਾ ਕਿੰਨ੍ਹੇ ਪ੍ਰਤੀਸ਼ਤ ਹਿੱਸਾ ਜੰਗਲਾਂ ਹੇਠ ਹੈ?

(ੳ) 35.4% (ਅ) 11.8% (ੲ) 22.2% (ਸ) 28.5%

ਉੱਤਰ:- 22.2%

11. ਨਦੀਆਂ ਅਤੇ ਦਰਿਆਵਾਂ ਦੇ ਪਾਣੀ ਦੁਆਰਾ ਲਿਆ ਕੇ ਜਮ੍ਹਾਂ ਕੀਤੀ ਗਈ ਮਿੱਟੀ ਨੂੰ ਕੀ ਕਿਹਾ ਜਾਂਦਾ ਹੈ?

(ੳ) ਜਲੋਢ ਮਿੱਟੀ (ਅ) ਲੈਟਰਾਈਟ ਮਿੱਟੀ (ੲ) ਮਾਰੂਥਲੀ ਮਿੱਟੀ (ਸ) ਕਾਲੀ ਮਿੱਟੀ

ਉੱਤਰ:- ਜਲੌਢ ਮਿੱਟੀ

12. ਕਿਹੜੀ ਮਿੱਟੀ ਕਪਾਹ ਦੀ ਫਸਲ ਲਈ ਢੁੱਕਵੀਂ ਹੁੰਦੀ ਹੈ?

(ੳ) ਜਲੌਢ ਮਿੱਟੀ (ਅ) ਲੈਟਰਾਈਟ ਮਿੱਟੀ (ੲ) ਮਾਰੂਥਲੀ ਮਿੱਟੀ (ਸ) ਕਾਲੀ ਮਿੱਟੀ

ਉੱਤਰ:- ਕਾਲੀ ਮਿੱਟੀ

13. ਚੂਨਾ , ਮੈਗਨੀਸ਼ੀਅਮ, ਫਾਸਫੇਟ, ਨਾਈਟ੍ਰੋਜਨ ਅਤੇ ਜੈਵਿਕ ਮਾਦੇ ਦੀ ਘਾਟ ਕਿਸ ਮਿੱਟੀ ਵਿੱਚ ਹੁੰਦੀ ਹੈ?

(ੳ) ਕਾਲੀ ਮਿੱਟੀ (ਅ) ਲਾਲ ਮਿੱਟੀ (ੲ) ਜਲੌਢ ਮਿੱਟੀ (ਸ) ਪਰਬਤੀ ਮਿੱਟੀ

ਉੱਤਰ:- ਲਾਲ ਮਿੱਟੀ

14. ਸਾਡੀ ਧਰਤੀ ਦਾ ਕਿੰਨ੍ਹੇ ਪ੍ਰਤੀਸ਼ਤ ਹਿੱਸਾ ਭੂਮੀ ਹੈ?

(ੳ) 29% (ਅ) 50% (ੲ) 71% (ਸ) 90%

ਉੱਤਰ:- 29%

15. ਕਾਲੀ ਮਿੱਟੀ ਦੇਸ਼ ਦੀ ਕੁੱਲ ਭੂਮੀ ਦੇ ਕਿੰਨ੍ਹੇ ਪ੍ਰਤੀਸ਼ਤ ਹਿੱਸੇ ਵਿੱਚ ਮਿਲਦੀ ਹੈ?

(ੳ) 20% (ਅ) 16.6% (ੲ) 16.2% (ਸ) 20.6%

ਉੱਤਰ:- 16.6%

16. ਜਲੌਢ ਮਿੱਟੀ ਭਾਰਤ ਦੇ ਲਗਭਗ ਕਿੰਨ੍ਹੇ ਪ੍ਰਤੀਸ਼ਤ ਹਿੱਸੇ ਵਿੱਚ ਮਿਲਦੀ ਹੈ?

(ੳ) 45% (ਅ)50% (ੲ) 55% (ਸ)60%

ਉੱਤਰ:- 45%

17. ਜੰਗਲੀ ਜੀਵਾਂ ਲਈ ਭਾਰਤੀ ਬੋਰਡ (Indian Board for wildlife) ਦੀ ਸਥਾਪਨਾ ਕਦੋਂ ਕੀਤੀ ਗਈ?

(ੳ) 1952 (ਅ) 1750 (ੲ)1687 (ਸ)1853

ਉੱਤਰ:- 1952

18. ਲੋਹੇ ਤੋਂ ਸਟੀਲ ਬਣਾਉਣ ਲਈ ਕਿਹੜਾ ਖਣਿਜ ਪਦਾਰਥ ਕੰਮ ਆਉਂਦਾ ਹੈ?

(ੳ) ਐਲੂਮੀਨੀਅਮ (ਅ) ਅਬਰਕ (ੲ) ਮੈਂਗਨੀਜ਼ (ਸ) ਚੂਨੇ ਦਾ ਪੱਥਰ

ਉੱਤਰ:- ਮੈਂਗਨੀਜ਼

19. ਸੰਸਾਰ ਵਿੱਚ ਸਭ ਤੋਂ ਵੱਧ ਕੋਲਾ ਪੈਦਾ ਕਰਨ ਵਾਲਾ ਦੇਸ਼ ਕਿਹੜਾ ਹੈ?

(ੳ) ਰੂਸ (ਅ) ਯੂ. ਐਸ. ਏ. (ੲ) ਦੱਖਣੀ ਅਫ਼ਰੀਕਾ (ਸ) ਭਾਰਤ

ਉੱਤਰ:- ਯੂ. ਐਸ. ਏ.

20. ਕਿਹੜੇ ਖਣਿਜ ਦੀ ਵਰਤੋਂ ਕੰਡੈਂਸਰ, ਇੰਸੂਲੇਟਰ, ਬਿਜਲੀ ਦੀਆਂ ਪ੍ਰੈਸਾਂ ਵਿੱਚ ਕੁਚਾਲਕ ਵੱਜੋਂ ਕੀਤੀ ਜਾਂਦੀ ਹੈ?

(ੳ) ਮੈਂਗਨੀਜ਼ (ਅ) ਅਬਰਕ (ੲ) ਬਾਕਸਾਈਟ (ਸ) ਤਾਂਬਾ

ਉੱਤਰ:- ਅਬਰਕ

21. ਕੋਲੇ ਦੀ ਸਭ ਤੋਂ ਵਧੀਆ ਕਿਸਮ ਕਿਹੜੀ ਹੈ?

(ੳ) ਲਿਗਨਾਈਟ (ਅ) ਐਂਥਰੇਸਾਈਟ (ੲ) ਬਿਟੂਮੀਨਸ (ਸ) ਪੀਟ

ਉੱਤਰ:- ਐਂਥਰੇਸਾਈਟ

22. ਭਾਰਤ ਪੂਰੇ ਸੰਸਾਰ ਦੀ ਕਿੰਨ੍ਹੇ ਪ੍ਰਤੀਸ਼ਤ ਪਣ-ਬਿਜਲੀ ਪੈਦਾ ਕਰਦਾ ਹੈ?

(ੳ) 1% (ਅ) 5% (ੲ) 10 % (ਸ) 15%

ਉੱਤਰ:-1%

23. ਇਨ੍ਹਾਂ ਵਿੱਚੋਂ ਕਿਹੜਾ ਪ੍ਰਮਾਣੂ ਖਣਿਜ ਪਦਾਰਥ ਨਹੀਂ ਹੈ?

(ੳ) ਮੈਂਗਨੀਜ਼ (ਅ) ਯੂਰੇਨੀਅਮ (ੲ) ਥੋਰੀਅਮ (ਸ) ਬੈਰੀਲੀਅਮ

ਉੱਤਰ:- ਮੈਂਗਨੀਜ਼

24. ਭਾਰਤ ਦਾ ਕਿਹੜਾ ਰਾਜ ਪਣ-ਬਿਜਲੀ ਤਿਆਰ ਨਹੀਂ ਕਰਦਾ?

(ੳ) ਪੰਜਾਬ (ਅ) ਉੱਤਰ ਪ੍ਰਦੇਸ਼ (ੲ) ਬਿਹਾਰ (ਸ) ਗੋਆ

ਉੱਤਰ:- ਗੋਆ

25. ਊਰਜਾ ਦੇ ਨਵੇਂ ਸ਼ਕਤੀ ਸਾਧਨਾਂ ਵਿੱਚ ਸ਼ਾਮਿਲ ਹੈ?

(ੳ) ਕੁਦਰਤੀ ਗੈਸ (ਅ) ਪੈਟਰੋਲੀਅਮ (ੲ) ਪੌਣ ਸ਼ਕਤੀ (ਸ) ਕੋਲਾ

ਉੱਤਰ:- ਪੌਣ ਸ਼ਕਤੀ

26.ਕੱਚਾ ਲੋਹਾ ਹੇਠ ਲਿਖਿਆਂ ਰਾਜਾਂ ਵਿੱਚੋਂ ਸਭ ਤੋਂ ਵੱਧ ਕਿਹੜੇ ਰਾਜ ਵਿੱਚ ਮਿਲਦਾ ਹੈ?

(ੳ) ਬਿਹਾਰ (ਅ) ਪੰਜਾਬ (ੲ) ਹਰਿਆਣਾ (ਸ) ਹਿਮਾਚਲ ਪ੍ਰਦੇਸ਼

ਉੱਤਰ:- ਬਿਹਾਰ

27. ਭਾਰਤ ਵਿੱਚ ਸਭ ਤੋਂ ਜ਼ਿਆਦਾ ਪਟਸਨ ਪੈਦਾ ਕਰਨ ਵਾਲਾ ਰਾਜ ਕਿਹੜਾ ਹੈ?

(ੳ) ਪੰਜਾਬ (ਅ) ਉੱਤਰ ਪ੍ਰਦੇਸ਼ (ੲ) ਪੱਛਮੀ ਬੰਗਾਲ (ਸ) ਹਰਿਆਣਾ

ਉੱਤਰ:- ਪੱਛਮੀ ਬੰਗਾਲ

28. ਸੰਸਾਰ ਦਾ ਸਭ ਤੋਂ ਜ਼ਿਆਦਾ ਚਾਹ ਪੈਦਾ ਕਰਨ ਵਾਲਾ ਦੇਸ਼ ਕਿਹੜਾ ਹੈ?

(ੳ) ਭਾਰਤ (ਅ) ਚੀਨ (ੲ) ਜਾਪਾਨ (ਸ) ਸ਼੍ਰੀ ਲੰਕਾ

ਉੱਤਰ:- ਚੀਨ

29. ਅਮਰੀਕਾ ਵਿੱਚ ਕਿੰਨ੍ਹੇ ਪ੍ਰਤੀਸ਼ਤ ਲੋਕ ਖੇਤੀਬਾੜੀ ਦੇ ਕੰਮ ਵਿੱਚ ਲੱਗੇ ਹੋਏ ਹਨ?

(ੳ) 3% (ਅ) 5% (ੲ) 8% (ਸ) 25%

ਉੱਤਰ:-3%

30. ਮੱਕੀ ਤੋਂ ਕੀ-ਕੀ ਤਿਆਰ ਕੀਤਾ ਜਾਂਦਾ ਹੈ?

(ੳ) ਗੁਲੂਕੋਜ਼ (ਅ)ਸਟਾਰਚ (ੲ)ਅਲਕੋਹਲ (ਸ) ਉਪਰੋਕਤ ਸਾਰੇ

ਉੱਤਰ:- ਉਪਰੋਕਤ ਸਾਰੇ

31. ਪੰਜਾਬ ਵਿੱਚ ਕਿਸ ਕਿਸਮ ਦੀ ਖੇਤੀ ਸਭ ਤੋਂ ਵੱਧ ਕੀਤੀ ਜਾਂਦੀ ਹੈ

(ੳ) ਵਿਸ਼ਾਲ ਖੇਤੀ (ਅ) ਸੰਘਣੀ ਖੇਤੀ (ੲ) ਗਿੱਲੀ ਖੇਤੀ (ਸ)ਸਹਿਕਾਰੀ ਖੇਤੀ

ਉੱਤਰ:- ਸੰਘਣੀ ਖੇਤੀ

32. ਰੇਸ਼ੇ ਦੀ ਲੰਬਾਈ ਦੇ ਅਧਾਰ 'ਤੇ ਕਪਾਹ ਦੀ ਕਿਹੜੀ ਕਿਸਮ ਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ?

(ੳ) ਮੱਧ ਦਰਜੇ ਰੇਸ਼ੇ ਵਾਲੀ (ਅ) ਛੋਟੇ ਰੇਸ਼ੇ ਵਾਲੀ (ੲ) ਲੰਬੇ ਰੇਸ਼ੇ ਵਾਲੀ (ਸ) ਇਹਨਾਂ ਵਿੱਚੋਂ ਕੋਈ ਨਹੀਂ।

ਉੱਤਰ:- ਲੰਬੇ ਰੇਸ਼ੇ ਵਾਲੀ

33.ਭਾਰਤੀ ਰਿਜ਼ਰਵ ਬੈਂਕ ਐਕਟ,1934 ਦੇ ਦੂਜੀ ਅਨੁਸੂਚੀ ਵਿਚ ਸ਼ਾਮਲ ਬੈਂਕਾਂ ਨੂੰ ਕਿਹਾ ਜਾਂਦਾ ਹੈ:-

(ੳ) ਅਨੁਸੂਚਿਤ ਬੈਂਕ (ਅ) ਗੈਰ-ਅਨੁਸੂਚਿਤ ਬੈਂਕ (ੲ) ਵਪਾਰਕ ਬੈਂਕ (ਸ) ਵਿਕਾਸ ਬੈਂਕ

ਉੱਤਰ:- ਅਨੁਸੂਚਿਤ ਬੈਂਕ

34....................... ਨੂੰ ਖੇਤੀਬਾੜੀ ਅਤੇ ਪੇਂਡੂ ਕਰਜ਼ੇ ਪ੍ਰਦਾਨ ਕਰਨ ਦੀ ਅਹਿਮ ਭੂਮਿਕਾ ਸੌਂਪੀ ਗਈ ਸੀ।

(ੳ) ਸਹਿਕਾਰੀ ਬੈਂਕ (ਅ) ਖੇਤਰੀ ਪੇਂਡੂ ਬੈਂਕ (ੲ) ਵਪਾਰਕ ਬੈਂਕ (ਸ) ਵਿਕਾਸ ਬੈਂਕ

ਉੱਤਰ:- ਖੇਤਰੀ ਪੇਂਡੂ ਬੈਂਕ

35. ......................... ਬੈਂਕਾਂ ਦੀ ਮਲਕੀਅਤ ਅਤੇ ਕੰਟਰੋਲ ਸਰਕਾਰ ਦੇ ਹੱਥ ਹੁੰਦਾ ਹੈ।

(ੳ) ਜਨਤਕ ਖੇਤਰ ਦੇ (ਅ) ਨਿੱਜੀ ਖੇਤਰ ਦੇ (ੲ) ਕੇਂਦਰੀ (ਸ) ਐਕਸਚੇਂਜ ਅਤੇ ਵਟਾਂਦਰਾ

ਉੱਤਰ:- ਜਨਤਕ ਖੇਤਰ ਦੇ

36. ਇੱਕ.................. ਅਜਿਹਾ ਦਸਤਾਵੇਜ਼ ਹੁੰਦਾ ਹੈ ਜੋ ਬੈਂਕ ਦੇ ਖਾਤੇ ਵਿੱਚ ਭੁਗਤਾਨ ਦਾ ਆਦੇਸ਼ ਦਿੰਦਾ ਹੈ।

(ੳ) ਡਿਮਾਂਡ ਡਰਾਫ਼ਟ (ਅ) ਫਿਕਸਡ ਡਿਪਾਜ਼ਿਟ (ੲ) ਚੈੱਕ (ਸ) ਡੈਬਿਟ ਕਾਰਡ

ਉੱਤਰ:- ਚੈੱਕ

37..........................ਚੈੱਕ ਨੂੰ ਫੰਡ ਵਾਲੇ ਖਾਤੇ ਤੱਕ ਭੇਜਣ ਵਿਚ ਮਦਦ ਕਰਦਾ ਹੈ।

(ੳ)MICR ਕੋਡ (ਅ) IFSC ਕੋਡ (ੲ)ਖਾਤਾ ਨੰਬਰ (ਸ)ਚੈੱਕ ਨੰਬਰ

ਉੱਤਰ:- MICR ਕੋਡ

38. 11 ਅੱਖਰਾਂ ਦਾ ਇੱਕ ਕੋਡ ਹੁੰਦਾ ਹੈ ਜੋ ਉਸ ਬੈਂਕ ਅਤੇ ਉਸਦੀ ਸ਼ਾਖਾ ਦੀ ਪਛਾਣ ਕਰਵਾਉਂਦਾ ਹੈ, ਜਿਸ ਵਿਚ ਖਾਤਾ ਹੈ:

ੳ)MICR ਕੋਡ (ਅ) IFSC ਕੋਡ (ੲ)ਖਾਤਾ ਨੰਬਰ (ਸ)ਚੈੱਕ ਨੰਬਰ

ਉੱਤਰ:- IFSC ਕੋਡ

39. ਭੂਚਾਲ ਆਉਣ ਕਾਰਨ ਕਿੰਨ੍ਹਾ ਨੁਕਸਾਨ ਹੋਇਆ ਹੈ, ਇਸਨੂੰ ਮਾਪਣ ਵਾਲੇ ਪੈਮਾਨੇ ਨੂੰ ਕੀ ਕਹਿੰਦੇ ਹਨ?

(ੳ) ਰਿਕਟਰ (ਅ) ਮਰਕਾਲੀ (ੲ) ਥਰਮਾਮੀਟਰ (ਸ) ਸਿਜਮੋਗ੍ਰਾਫ਼

ਉੱਤਰ:- ਮਰਕਾਲੀ

40. ਭੂਚਾਲ ਦੀ ਤੀਬਰਤਾ ਨੂੰ ਮਾਪਣ ਵਾਲਾ ਖੁੱਲ੍ਹਾ ਪੈਮਾਨਾ ਕਿਹੜਾ ਹੈ?

(ੳ) ਮਰਕਾਲੀ (ਅ)ਰਿਕਟਰ (ੲ)ਥਰਮਾਮੀਟਰ (ਸ)ਸਿਜਮੋਗ੍ਰਾਫ਼

ਉੱਤਰ:- ਰਿਕਟਰ

41. ਹੜ੍ਹਾਂ ਦੇ ਆਉਣ ਦੇ ਕਿਹੜੇ-ਕਿਹੜੇ ਕਾਰਨ ਹੁੰਦੇ ਹਨ?

(ੳ) ਜ਼ਿਆਦਾ ਵਰਖਾ (ਅ) ਬੱਦਲਾਂ ਦਾ ਫਟਣਾ (ੲ) ਬੰਨ੍ਹਾਂ ਦਾ ਟੁੱਟ ਜਾਣਾ (ਸ) ਉਪਰੋਕਤ ਸਾਰੇ

ਉੱਤਰ:- ਉਪਰੋਕਤ ਸਾਰੇ

42. ਊਸ਼ਣ ਚੱਕਰਵਾਤਾਂ ਦੀ ਗਤੀ ਆਮ ਤੌਰ ‘ਤੇ ਕਦੋਂ ਆਫਤ ਬਣ ਜਾਂਦੀ ਹੈ?

(ੳ) 1500 ਕਿ.ਮੀ/ਘੰਟਾ (ਅ) 400 ਕਿ.ਮੀ/ਘੰਟਾ (ੲ) 100 ਕਿ.ਮੀ/ਘੰਟਾ (ਸ) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- 100 ਕਿ.ਮੀ/ਘੰਟਾ

43. ਜਦੋਂ ਕੋਈ ਇੱਕ ਬਿਮਾਰੀ ਫੈਲਣ ਨਾਲ ਵੱਡੇ ਪੱਧਰ ਤੇ ਲੋਕਾਂ ਉੱਤੇ ਮਾਰੂ ਹਮਲਾ ਕਰ ਦੇਵੇ ਤਾਂ ਇਸਨੂੰ ਕੀ ਆਖਦੇ ਹਨ?

(ੳ) ਹੈਜਾ (ਅ) ਮਹਾਂਮਾਰੀ (ੲ) ਡੇਂਗੂ (ਸ) ਕਰੋਨਾ ਵਾਇਰਸ

ਉੱਤਰ:- ਮਹਾਂਮਾਰੀ

44. ਲਾਵੇ ਦੀ ਧਰਤੀ ਉੱਪਰ ਬਾਹਰ ਆਉਣ ਦੀ ਕਿਰਿਆ ਨੂੰ ਕੀ ਕਿਹਾ ਜਾਂਦਾ ਹੈ?

(ੳ) ਸੁਨਾਮੀ (ਅ) ਜਵਾਲਾਮੁਖੀ (ੲ) ਭੂਚਾਲ (ਸ) ਚੱਕਰਵਾਤ

ਉੱਤਰ:- ਜਵਾਲਾਮੁਖੀ

45. ਚੱਕਰਵਾਤਾਂ ਨੂੰ ਭਾਰਤ ਵਿੱਚ ਕੀ ਕਿਹਾ ਜਾਂਦਾ ਹੈ?

(ੳ) ਝੱਖੜ (ਅ) ਤੂਫਾਨ (ੲ) ਵਾਵਰੋਲਾ (ਸ) ਉਪਰੋਕਤ ਸਾਰੇ।

ਉੱਤਰ:- ਉਪਰੋਕਤ ਸਾਰੇ।

46. ਭਾਰਤ ਵਿੱਚ ਆਧੁਨਿਕ ਕਾਲ ਦਾ ਆਰੰਭ ਕਦੋਂ ਹੋਇਆ?

(ੳ) 19ਵੀਂ ਸਦੀ (ਅ) 18ਵੀਂ ਸਦੀ (ੲ) 16ਵੀਂ ਸਦੀ (ਸ) 20ਵੀਂ ਸਦੀ

ਉੱਤਰ:- 18ਵੀਂ ਸਦੀ

47. ਯੂਰਪ ਵਿੱਚ ਆਧੁਨਿਕ ਕਾਲ ਦਾ ਆਰੰਭ ਕਦੋਂ ਹੋਇਆ?

(ੳ) 18ਵੀਂ ਸਦੀ (ਅ) 19ਵੀਂ ਸਦੀ (ੲ) 16ਵੀਂ ਸਦੀ (ਸ) ਕੋਈ ਨਹੀਂ

ਉੱਤਰ:- 16ਵੀਂ ਸਦੀ

48. 16ਵੀਂ ਸਦੀ ਦੌਰਾਨ ਕਿਹੜੇ ਮੁਗਲ਼ ਬਾਦਸ਼ਾਹ ਨੇ ਭਾਰਤ 'ਤੇ ਰਾਜ ਕੀਤਾ?

(ੳ) ਬਾਬਰ (ਅ) ਹੁਮਾਯੂੰ (ੲ) ਅਕਬਰ (ਸ) ਉਪਰੋਕਤ ਸਾਰੇ।

ਉੱਤਰ:- ਉਪਰੋਕਤ ਸਾਰੇ।

49. ਕਿਸ ਮੁਗਲ ਬਾਦਸ਼ਾਹ ਨੇ ਈਸਟ ਇੰਡੀਆ ਕੰਪਨੀ ਨੂੰ 3000 ਸਲਾਨਾ ਕਰ ਦੇਣ ਦੇ ਬਦਲੇ ਬੰਗਾਲ, ਬਿਹਾਰ ਅਤੇ ਉੜੀਸਾ ਵਿੱਚ ਬਿਨ੍ਹਾਂ ਕਰ ਦਿੱਤੇ ਵਪਾਰ ਕਰਨ ਦੀ ਰਿਆਇਤ ਦਿੱਤੀ ਸੀ?

(ੳ) ਅਕਬਰ (ਅ) ਫਰੁਖ਼ਸੀਅਰ (ੲ) ਜਹਾਂਗੀਰ (ਸ) ਸ਼ਾਹਜਹਾਂ

ਉੱਤਰ:- ਫਰੁਖ਼ਸੀਅਰ

50. ਡੱਚ ਲੋਕਾਂ ਨੇ ਭਾਰਤ ਵਿੱਚ ਹੇਠ ਲਿਖੀਆਂ ਬਸਤੀਆਂ ਵਿੱਚੋਂ ਕਿਹੜੀ ਬਸਤੀ ਸਥਾਪਿਤ ਨਹੀਂ ਕੀਤੀ ਸੀ?

(ੳ) ਕੋਚੀਨ (ਅ)ਸੂਰਤ (ੲ)ਪੁਲੀਕਟ (ਸ)ਬੰਬਈ

ਉੱਤਰ:- ਬੰਬਈ

51. ਲੈਪਸ ਦੀ ਨੀਤੀ ਕਿਸ ਅੰਗਰੇਜ਼ ਅਫ਼ਸਰ ਦੁਆਰਾ ਅਪਣਾਈ ਗਈ?

(ੳ) ਲਾਰਡ ਵੈਲਜ਼ਲੀ (ਅ) ਰਾਬਰਟ ਕਲਾਈਵ (ੲ) ਲ਼ਾਰਡ ਡਲਹੌਜ਼ੀ (ਸ) ਲਾਰਡ ਰਿਪਨ

ਉੱਤਰ:- ਲ਼ਾਰਡ ਡਲਹੌਜ਼ੀ

52. ਕਰਨਾਟਕ ਦਾ ਪਹਿਲਾ ਯੁੱਧ ਕਦੋਂ ਹੋਇਆ?

(ੳ) 1746-48 ਈ. (ਅ) 1756-58 ਈ. (ੲ) 1736-38 ਈ. (ਸ) 1764-66 ਈ.

ਉੱਤਰ:- 1746-48 ਈ.

53. ਅੰਗਰੇਜ਼ੀ ਸਾਮਰਾਜ ਦਾ ਵਿਸਥਾਰ ਕਰਨ ਲਈ ਕਿਸ ਨੇ ਸਹਾਇਕ ਸੰਧੀ ਪ੍ਰਣਾਲੀ ਸ਼ੁਰੂ ਕੀਤੀ?

(ੳ) ਲਾਰਡ ਡਲਹੌਜ਼ੀ (ਅ) ਰਾਬਰਟ ਕਲਾਈਵ (ੲ) ਲਾਰਡ ਵੈਲਜ਼ਲੀ (ਸ) ਸਰ ਥਾਮਸ ਰੋ

ਉੱਤਰ:- ਲਾਰਡ ਵੈਲਜ਼ਲੀ

54. ਪਲਾਸੀ ਦੀ ਲੜਾਈ ਕਦੋਂ ਹੋਈ/ਕਦੋਂ ਲੜੀ ਗਈ?

(ੳ) 1757 ਈ. (ਅ) 1771 ਈ. (ੲ) 1755 ਈ. (ਸ) 1761 ਈ.

ਉੱਤਰ:- 1757 ਈ.

55. ਕਿਸ ਐਕਟ ਦੁਆਰਾ ਇੰਗਲੈਂਡ ਵਿੱਚ ਬੋਰਡ ਆਫ਼ ਕੰਟਰੋਲ ਦੀ ਸਥਾਪਨਾ ਕੀਤੀ ਗਈ?

(ੳ) ਚਾਰਟਰ ਐਕਟ 1833 ਈ: (ਅ) ਪਿਟਸ ਇੰਡੀਆ ਐਕਟ 1784 ਈ:

(ੲ) ਰੈਗੂਲੇਟਿੰਗ ਐਕਟ 1773 ਈ: (ਸ) ਉਪਰੋਕਤ ਵਿੱਚੋਂ ਕੋਈ ਨਹੀਂ

ਉੱਤਰ:- ਪਿਟਸ ਇੰਡੀਆ ਐਕਟ 1784 ਈ:

56. ਇੰਗਲੈਂਡ ਵਿੱਚ ਨਵੇਂ ਨਿਯੁਕਤ ਸਿਵਿਲ ਸਰਵਿਸ ਦੀ ਪ੍ਰੀਖਿਆ ਦੇ ਅਧਿਕਾਰੀਆਂ ਨੂੰ ਭਾਰਤ ਭੇਜਣ ਤੋਂ ਪਹਿਲਾਂ ਕਿੱਥੇ ਟ੍ਰੇਨਿੰਗ ਦਿੱਤੀ ਜਾਂਦੀ ਸੀ?

(ੳ) ਆਕਸਫੋਰਡ ਕਾਲਜ (ਅ) ਯਾਰਕਸ਼ਾਈਰ ਕਾਲਜ (ੲ) ਹੈਲੀਬਰੀ ਕਾਲਜ (ਸ) ਉਪਰੋਕਤ ਕੋਈ ਨਹੀਂ

ਉੱਤਰ:- ਹੈਲੀਬਰੀ ਕਾਲਜ

57. ਕਿਹੜਾ ਪਹਿਲਾ ਭਾਰਤੀ ਸਿਵਿਲ ਸਰਵਿਸ ਦੀ ਪ੍ਰੀਖਿਆ ਵਿੱਚ ਸਫ਼ਲ ਹੋਇਆ?

(ੳ) ਸੁਰਯਾ ਸੇਨ (ਅ) ਸਤਿੰਦਰ ਨਾਥ ਟੈਗੋਰ (ੲ) ਰਬਿੰਦਰ ਨਾਥ ਟੈਗੋਰ (ਸ) ਅਰਬਿੰਦੂ ਘੋਸ਼

ਉੱਤਰ:- ਸਤਿੰਦਰ ਨਾਥ ਟੈਗੋਰ

58. ਮੋਂਟੇਗੂ-ਚੈਮਸਫੋਰਡ ਰਿਪੋਰਟ ਵਿੱਚ ਇੰਡੀਅਨ ਸਿਵਲ ਸਰਵਿਸ ਵਿੱਚ ਕਿੰਨ੍ਹੇ ਪ੍ਰਤੀਸ਼ਤ ਭਾਰਤੀਆਂ ਨੂੰ ਨਿਯੁਕਤ ਕਰਨ ਦੀ ਸਿਫ਼ਾਰਸ਼ ਕੀਤੀ ਗਈ?

(ੳ) 40% (ਅ) 50% (ੲ) 33% (ਸ) 21%

ਉੱਤਰ:- 33%

59. ਈਸਟ ਇੰਡੀਆ ਕੰਪਨੀ ਨੇ ਬੰਗਾਲ, ਬਿਹਾਰ ਅਤੇ ਉੜੀਸਾ ਦੀ ਦੀਵਾਨੀ ਕਦੋਂ ਪ੍ਰਾਪਤ ਕੀਤੀ?

(ੳ) 1777 ਈ: (ਅ) 1780 ਈ: (ੲ) 1765 ਈ: (ਸ) 1787 ਈ:

ਉੱਤਰ:- 1765 ਈ:

60. ਲਾਰਡ ਕਾਰਨਵਾਲਿਸ ਨੇ ਬੰਗਾਲ ਅਤੇ ਬਿਹਾਰ ਦੇ ਪ੍ਰਾਤਾਂ ਵਿੱਚ ਸਥਾਈ ਬੰਦੋਬਸਤ ਪ੍ਰਬੰਧ ਕਦੋਂ ਸ਼ੁਰੂ ਕੀਤਾ ਸੀ?

(ੳ) 1793 ਈ. (ਅ) 1895 ਈ. (ੲ) 1997 ਈ. (ਸ) 1599ਈ.

ਉੱਤਰ:- 1793 ਈ.

61. ਲਾਰਡ ਵਾਰਨ ਹੇਸਟਿੰਗਜ਼ ਨੇ ਲਗਾਨ ਇਕੱਠਾ ਕਰਨ ਲਈ ਕਿੰਨ੍ਹੇ ਸਾਲਾ ਠੇਕੇ ਦਾ ਪ੍ਰਬੰਧ ਕੀਤਾ?

(ੳ) 10 ਸਾਲ (ਅ) 5 ਸਾਲ (ੲ) 7 ਸਾਲ (ਸ) 2 ਸਾਲ

ਉੱਤਰ:- 5 ਸਾਲ

62. ਰੱਈਅਤਵਾੜੀ ਪ੍ਰਬੰਧ ਕਿਸ ਅੰਗਰੇਜ਼ ਅਫ਼ਸਰ ਵੱਲੋਂ ਸ਼ੁਰੂ ਕੀਤਾ ਗਿਆ?

(ੳ) ਵਾਰਨ ਹੇਸਟਿੰਗਜ਼ (ਅ) ਲਾਰਡ ਕਾਰਨਵਾਲਿਸ

(ੲ) ਥਾਮਸ ਮੁਨਰੋ (ਸ) ਉਪਰੋਕਤ ਕੋਈ ਨਹੀਂ

ਉੱਤਰ:- ਥਾਮਸ ਮੁਨਰੋ

63. ਰੱਈਅਤਵਾੜੀ ਪ੍ਰਬੰਧ ਨੂੰ ਮਦਰਾਸ ਅਤੇ ਮੁੰਬਈ ਵਿੱਚ ਕਿਸ ਅੰਗਰੇਜ਼ ਅਫ਼ਸਰ ਦੁਆਰਾ ਸ਼ੁਰੂ ਕੀਤਾ ਗਿਆ ਸੀ?

(ੳ) ਲਾਰਡ ਕਾਰਨਵਾਇਸ (ਅ) ਥਾਮਸ ਮੁਨਰੋ (ੲ) ਵਾਰਨ ਹੇਸਟਿੰਗਜ਼ (ਸ) ਲਾਰਡ ਡਲਹੌਜ਼ੀ

ਉੱਤਰ:- ਥਾਮਸ ਮੁਨਰੋ

64. ਉੜੀਸਾ ਵਿੱਚ ਕਿਸ ਕਬੀਲੇ ਦੇ ਲੋਕਾਂ ਨੇ ਅੰਗਰੇਜ਼ਾਂ ਖਿਲਾਫ਼ ਵਿਦਰੋਹ ਕੀਤਾ?

(ੳ) ਭੀਲ (ਅ) ਮੁੰਡਾ (ੲ) ਗੋਂਡ (ਸ) ਖਾਸੀਸ

ਉੱਤਰ:- ਗੋਂਡ

65. ਖਾਸੀਸ ਕਬੀਲੇ ਦਾ ਮੋਢੀ ਕੌਣ ਸੀ?

(ੳ) ਬਿਰਸਾ ਮੁੰਡਾ (ਅ) ਜੈਪਾਲ (ੲ) ਤੀਰੁੱਤ ਸਿੰਘ (ਸ) ਮਾਨ ਸਿੰਘ

ਉੱਤਰ:- ਤੀਰੁੱਤ ਸਿੰਘ

66. ਸਿੱਧੂ ਅਤੇ ਕਨਹੂ ਭਰਾਵਾਂ ਨੇ ਵਿਦਰੋਹ ਵਿੱਚ ਕਿਸ ਕਬੀਲੇ ਦੀ ਅਗਵਾਈ ਕੀਤੀ?

(ੳ) ਸੰਥਾਲ (ਅ) ਸਿੰਗਫ਼ੋਸ (ੲ) ਨਾਗਾ (ਸ) ਉਪਰੋਕਤ ਸਾਰੇ

ਉੱਤਰ:- ਸੰਥਾਲ

67. ਛੋਟਾ ਨਾਗਪੁਰ ਇਲਾਕੇ ਵਿੱਚ ਵਿਦਰੋਹ ਕਿਸ ਦੀ ਅਗਵਾਈ ਵਿੱਚ ਹੋਇਆ?

(ੳ) ਤੀਰੁੱਤ ਸਿੰਘ (ਅ) ਬਿਰਸਾ ਮੁੰਡਾ (ੲ) ਸਿੱਧੂ ਅਤੇ ਕਨਹੂ (ਸ) ਉਪਰੋਕਤ ਕੋਈ ਨਹੀਂ

ਉੱਤਰ:- ਬਿਰਸਾ ਮੁੰਡਾ

68. ਛੋਟਾ ਨਾਗਪੁਰ ਐਕਟ ਕਿਹੜੇ ਸੰਨ ਵਿੱਚ ਪਾਸ ਹੋਇਆ?

(ੳ) 1909 ਈ: (ਅ) 1906 ਈ: (ੲ) 1908 ਈ: (ਸ) 1913 ਈ:

ਉੱਤਰ:- 1908 ਈ:

69. ਪਟਸਨ ਉਦਯੋਗ ਦਾ ਪਹਿਲਾ ਕਾਰਖਾਨਾ ਕਿੱਥੇ ਖੋਲ੍ਹਿਆ ਗਿਆ?

(ੳ) ਸੈਰਮਪੁਰ(ਬੰਗਾਲ) (ਅ) ਪਟਨਾ (ੲ) ਆਗਰਾ (ਸ) ਮਦਰਾਸ

ਉੱਤਰ:- ਸੈਰਮਪੁਰ(ਬੰਗਾਲ)

69. ਭਾਰਤ ਵਿੱਚ ਸੂਤੀ ਕੱਪੜੇ ਦਾ ਪਹਿਲਾ ਕਾਰਖਾਨਾ ਕਦੋਂ ਅਤੇ ਕਿੱਥੇ ਖੋਲ੍ਹਿਆ ਗਿਆ?

(ੳ) ਪੋਰਬੰਦਰ 1853 ਈ. (ਅ) ਕੁਰਕਸ਼ੇਤਰ 1853 ਈ. (ੲ) ਬੰਬਈ 1853 ਈ. (ਸ) ਭਾਗਲਪੁਰ 1853 ਈ.

ਉੱਤਰ:- ਬੰਬਈ 1853 ਈ.

70. ਭਾਰਤ ਵਿੱਚ ਅੰਗਰੇਜਾਂ ਦੁਆਰਾ ਪਹਿਲਾ ਚਾਹ ਦਾ ਬਾਗ ਕਿੱਥੇ ਲਗਾਇਆ ਗਿਆ?

(ੳ) ਸ਼ਿਮਲਾ (ਅ) ਆਸਾਮ (ੲ) ਮਨੀਪੁਰ (ਸ) ਮਨਾਲੀ

ਉੱਤਰ:- ਆਸਾਮ

71. ਸਰਕਾਰ ਨੇ ਮਜਦੂਰਾਂ ਦੀ ਹਾਲਤ ਸੁਧਾਰਨ ਲਈ ਕਿਹੜਾ ਐਕਟ ਪਾਸ ਕੀਤਾ?

(ੳ) ਫੈਕਟਰੀ ਐਕਟ (ਅ) ਲੇਬਰ ਐਕਟ (ੲ) ਸੇਫ਼ਟੀ ਐਕਟ (ਸ) ਉਪਰੋਕਤ ਵਿੱਚੋਂ ਕੋਈ ਨਹੀਂ

ਉੱਤਰ:- ਫੈਕਟਰੀ ਐਕਟ

72. ਉਦਯੋਗਿਕ ਕ੍ਰਾਂਤੀ ਦੇ ਸਮੇਂ ਇੰਗਲੈਂਡ ਨੂੰ ਸਭ ਤੋਂ ਜਿਆਦਾ ਕੱਚਾ ਮਾਲ ਕਿਸ ਦੇਸ਼ ਤੋਂ ਮਿਲਦਾ ਸੀ?

(ੳ) ਅਫ਼ਰੀਕਾ (ਅ) ਚੀਨ (ੲ) ਅਫ਼ਗਾਨਿਸਤਾਨ (ਸ) ਭਾਰਤ

ਉੱਤਰ:- ਭਾਰਤ

73. ਕਿਸ ਅੰਗਰੇਜ਼ ਅਫ਼ਸਰ ਨੇ ਨਾਨਾ ਸਾਹਿਬ ਦੀ ਪੈਨਸ਼ਨ ਬੰਦ ਕਰ ਦਿੱਤੀ?

(ੳ) ਲਾਰਡ ਡਲਹੌਜ਼ੀ (ਅ) ਲਾਰਡ ਮਿੰਟੋ (ੲ) ਲਾਰਡ ਕਲਾਈਵ (ਸ) ਲਾਰਡ ਮੁਨਰੋ

ਉੱਤਰ:- ਲਾਰਡ ਡਲਹੌਜ਼ੀ

74. ਕਿਸ ਅੰਗਰੇਜ ਅਫ਼ਸਰ ਨੇ ਕਰ ਮੁਕਤ ਜਮੀਨਾਂ ਉੱਪਰ ਮੁੜ ਕਰ ਲਗਾ ਦਿੱਤਾ?

(ੳ) ਲਾਰਡ ਵਿਲੀਅਮ ਬੈਂਟਿਕ (ਅ) ਲਾਰਡ ਮੁਨਰੋ (ੲ) ਲਾਰਡ ਐਲਨਬਰੋ (ਸ) ਉਪਰੋਕਤ ਵਿੱਚੋਂ ਕੋਈ ਨਹੀਂ

ਉੱਤਰ:- ਲਾਰਡ ਵਿਲੀਅਮ ਬੈਂਟਿਕ

75. ਕਿਸ ਰਿਆਸਤ ਨੂੰ ਭੈੜੇ ਸਾਸ਼ਨ ਦੇ ਪ੍ਰਬੰਧ ਦਾ ਦੋਸ਼ ਲਗਾ ਕੇ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਿਲ ਕੀਤਾ ਗਿਆ?

(ੳ) ਸਤਾਰਾ (ਅ) ਅਵਧ (ੲ) ਬੰਗਾਲ (ਸ) ਦਿੱਲੀ

ਉੱਤਰ:- ਅਵਧ

76. 1857 ਈ: ਦੀ ਕ੍ਰਾਂਤੀ ਦਾ ਤੱਤਕਾਲੀਨ ਕਾਰਨ ਕੀ ਸੀ?

(ੳ) ਚਰਬੀ ਵਾਲੇ ਕਾਰਤੂਸ (ਅ) ਅੰਗਰੇਜ਼ਾਂ ਦੀ ਵਿਤਕਰਾ ਨੀਤੀ

(ੲ) ਈਸਾਈ ਧਰਮ ਦਾ ਪ੍ਰਚਾਰ (ਸ) ਉਪਰੋਕਤ ਸਾਰੇ

ਉੱਤਰ:- ਚਰਬੀ ਵਾਲੇ ਕਾਰਤੂਸ

77. ਕਿਸ ਅੰਗਰੇਜ਼ ਗਵਰਨਰ ਜਨਰਲ ਨੇ ਸਤੀ ਪ੍ਰਥਾ ਨੂੰ ਗੈਰ-ਕਾਨੂੰਨੀ ਘੋਸ਼ਿਤ ਕੀਤਾ?

(ੳ) ਲਾਰਡ ਵਿਲੀਅਮ ਬੈਂਟਿਕ (ਅ) ਲਾਰਡ ਮੁਨਰੋ (ੲ) ਲਾਰਡ ਕਾਰਨਵਾਲਿਸ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

ਉੱਤਰ:- ਲਾਰਡ ਵਿਲੀਅਮ ਬੈਂਟਿਕ

78. 1857 ਈ. ਦਾ ਵਿਦਰੋਹ ਕਿੱਥੇ ਸ਼ੁਰੂ ਹੋਇਆ?

(ੳ) ਬੈਰਕਪੁਰ (ਅ)ਦਿੱਲੀ (ੲ) ਕਾਨ੍ਹਪੁਰ (ਸ)ਲਖਨਊ

ਉੱਤਰ:- ਬੈਰਕਪੁਰ

79. 1857ਈ.ਦੇ ਵਿਦਰੋਹ ਦਾ ਪਹਿਲਾ ਸ਼ਹੀਦ ਕੌਣ ਸੀ?

(ੳ)ਮੰਗਲ ਪਾਂਡੇ (ਅ) ਨਾਨਾ ਸਾਹਿਬ (ੲ) ਤਾਂਤੀਆ ਟੋਪੇ (ਸ) ਰਾਣੀ ਲਕਸ਼ਮੀ ਬਾਈ

ਉੱਤਰ:- ਮੰਗਲ ਪਾਂਡੇ

80. ਅਲੀਗੜ੍ਹ ਮੁਸਲਿਮ ਵਿਸ਼ਵ ਵਿਦਿਆਲਿਆ ਕਿੱਥੇ ਸਥਿੱਤ ਹੈ?

(ੳ) ਕਰਨਾਟਕ (ਅ) ਬਿਹਾਰ (ੲ) ਉੱਤਰ ਪ੍ਰਦੇਸ਼ (ਸ) ਦਿੱਲੀ

ਉੱਤਰ:- ਉੱਤਰ ਪ੍ਰਦੇਸ਼

81. ਕਿਸ ਐਕਟ ਦੁਆਰਾ ਅੰਗਰੇਜ਼ੀ ਸਰਕਾਰ ਨੇ ਹਰ ਸਾਲ ਸਿੱਖਿਆ ਉਪਰ ਇੱਕ ਲੱਖ ਰੁਪਏ ਖਰਚ ਕਰਨ ਦੀ ਯੋਜਨਾ ਚਲਾਈ?

(ੳ) ਚਾਰਟਰ ਐਕਟ 1813 (ਅ) ਚਾਰਟਰ ਐਕਟ 1852 (ੲ) ਚਾਰਟਰ ਐਕਟ 1832 (ਸ) ਉਪਰੋਕਤ ਕੋਈ ਨਹੀਂ

ਉੱਤਰ:- ਚਾਰਟਰ ਐਕਟ 1813

82. ਸਿੱਖਿਆ ਦੇ ਵਿਕਾਸ ਲਈ ਹੰਟਰ ਕਮਿਸ਼ਨ ਦੀ ਸਥਾਪਨਾ ਕਦੋਂ ਕੀਤੀ ਗਈ?

(ੳ) 1881ਈ. (ਅ) 1882 ਈ. (ੲ) 1890 ਈ. (ਸ) 1892 ਈ.

ਉੱਤਰ:- 1882 ਈ.

83. ਭਾਰਤੀ ਯੂਨੀਵਰਸਿਟੀ ਐਕਟ 1904 ਈ. ਵਿੱਚ ਕਿਸ ਦੁਆਰਾ ਪਾਸ ਕੀਤਾ ਗਿਆ?

(ੳ) ਲਾਰਡ ਡਲਹੌਜ਼ੀ (ਅ) ਲਾਰਡ ਕਰਜ਼ਨ (ੲ) ਲਾਰਡ ਵੈਲਜ਼ਲੀ (ਸ) ਲਾਰਡ ਮਿੰਟੋ

ਉੱਤਰ:- ਲਾਰਡ ਕਰਜ਼ਨ

84. ਕਿਸ ਸਕੀਮ ਤਹਿਤ ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਤੋਂ ਪਹਿਲਾਂ ਨਰਸਰੀ ਸਿੱਖਿਆ ਦੇਣ ਦੀ ਗੱਲ ਕੀਤੀ ਗਈ?

(ੳ) ਸੈਡਲਰ ਕਮੇਟੀ ਸਕੀਮ (ਅ) ਸਾਰਜੈਂਟ ਸਕੀਮ (ੲ) ਬੇਸਿਕ ਸਿੱਖਿਆ (ਸ) ਉਪਰੋਕਤ ਸਾਰੇ

ਉੱਤਰ:- ਸਾਰਜੈਂਟ ਸਕੀਮ

85. ਕਿਸ ਭਾਰਤੀ ਸਮਾਜ ਸੁਧਾਰਕ ਦੇ ਯਤਨਾਂ ਸਦਕਾ ਸਤੀ ਪ੍ਰਥਾ ਤੇ ਪਾਬੰਦੀ ਲਗਾ ਦਿੱਤੀ ਗਈ?

ੳ) ਸਵਾਮੀ ਦਯਾਨੰਦ ਸਰਸਵਤੀ ਅ) ਸਵਾਮੀ ਵਿਵੇਕਾਨੰਦ

ੲ) ਰਾਜਾ ਰਾਮ ਮੋਹਨ ਰਾਏ ਸ) ਉਪਰੋਕਤ ਕੋਈ ਨਹੀਂ।

ਉੱਤਰ:- ਰਾਜਾ ਰਾਮ ਮੋਹਨ ਰਾਏ

86. 1862 ਈ: ਵਿੱਚ ਸਾਈਂਟੀਫ਼ਿਕ ਸੋਸਾਇਟੀ ਦੀ ਸਥਾਪਨਾ ਕਿਸਨੇ ਕੀਤੀ?

ੳ) ਸਰ ਸੱਯਦ ਅਹਿਮਦ ਖਾਂ ਅ) ਐਨੀ ਬੇਸੈਂਟ ੲ) ਰਵਿੰਦਰ ਨਾਥ ਟੈਗੋਰ ਸ) ਈਸ਼ਵਰ ਚੰਦਰ

ਉੱਤਰ:- ਸਰ ਸੱਯਦ ਅਹਿਮਦ ਖਾਂ

87. ਸ੍ਰੀ ਸਤਿਗੁਰੂ ਰਾਮ ਸਿੰਘ ਦੁਆਰਾ ਪੰਜਾਬ ਵਿੱਚ ਸਮਾਜ ਸੁਧਾਰ ਲਈ ਕਿਹੜੀ ਲਹਿਰ ਚਲਾਈ ਗਈ?

ੳ) ਅਹਿਮਦੀਆ ਲਹਿਰ ਅ) ਨਾਮਧਾਰੀ ਲਹਿਰ ੲ) ਰਾਧਾ ਸੁਆਮੀ ਲਹਿਰ ਸ) ਨਿਰੰਕਾਰੀ ਲਹਿਰ

ਉੱਤਰ:- ਨਾਮਧਾਰੀ ਲਹਿਰ

88. ਮਹਾਂਦੇਵ ਗੋਬਿੰਦ ਰਾਨਾਡੇ ਅਤੇ ਰਾਮ ਕ੍ਰਿਸ਼ਨ ਗੋਪਾਲ ਭੰਡਾਰਕਰ ਨੇ ਮਹਾਂਰਾਸਟਰ ਵਿੱਚ ਕਿਸ ਸੰਸਥਾ ਦੀ ਸਥਾਪਨਾ ਕੀਤੀ?

ੳ) ਬ੍ਰਹਮੋ ਸਮਾਜ ਅ) ਈਸ਼ਵਰ ਸਮਾਜ ੲ) ਪ੍ਰਾਰਥਨਾ ਸਮਾਜ ਸ) ਦੇਵ ਸਮਾਜ

ਉੱਤਰ:- ਪ੍ਰਾਰਥਨਾ ਸਮਾਜ

89. ਅੰਗਰੇਜ਼ੀ ਸਰਕਾਰ ਨੇ ਅੰਤਰਜਾਤੀ ਵਿਆਹ ਕਾਨੂੰਨ ਨੂੰ ਕਦੋਂ ਮਾਨਤਾ ਦਿੱਤੀ?

ੳ) 1872 ਈ. ਅ) 1854 ਈ. ੲ) 1876 ਈ. ਸ) 1880 ਈ.

ਉੱਤਰ:- 1872 ਈ.

90. 1873 ਈ. ਵਿੱਚ ਸੱਤਿਆ ਸ਼ੋਧਕ ਸਮਾਜ ਦੀ ਸਥਾਪਨਾ ਕਿਸਨੇ ਕੀਤੀ?

ੳ) ਸ੍ਰੀ ਨਾਰਾਇਣ ਗੁਰੂ ਅ) ਪਰਿਆਰ ਰਾਮਾ ਸੁਆਮੀ ੲ) ਵੀਰ ਸਲਿੰਗਮ ਸ) ਜੋਤਿਬਾ ਫੂਲੇ

ਉੱਤਰ:- ਜੋਤਿਬਾ ਫੂਲੇ

91. ਆਂਧਰਾ ਪ੍ਰਦੇਸ਼ ਰਾਜ ਦੇ ਸਮਾਜ ਦਾ ਪੈਗੰਬਰ ਕਿਸ ਨੂੰ ਕਿਹਾ ਜਾਂਦਾ ਹੈ?

ੳ) ਵੀਰ ਸਲਿੰਗਮ ਅ) ਦਾਦਾ ਭਾਈ ਨਾਰੋਜੀ ੲ) ਨਾਰਾਇਣ ਗੁਰੂ ਸ) ਜੋਤਿਬਾ ਫੂਲੇ

ਉੱਤਰ:- ਵੀਰ ਸਲਿੰਗਮ

92. ਦੂਜੀ ਗੋਲਮੇਜ ਕਾਨਫਰੰਸ ਵਿੱਚ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਰਾਜਨੀਤਿਕ ਅਧਿਕਾਰ ਦੇਣ ਦੀ ਸਿਫ਼ਾਰਿਸ਼ ਕਿਸ ਦੁਆਰਾ ਕੀਤੀ ਗਈ?

ੳ) ਸੁਭਾਸ਼ ਚੰਦਰ ਬੋਸ ਅ) ਮਹਾਤਮਾ ਗਾਂਧੀ ੲ) ਡਾ. ਬੀ. ਆਰ. ਅੰਬੇਦਕਰ ਸ) ਪਰਿਆਰ ਰਾਮਾ ਸਵਾਮੀ

ਉੱਤਰ:- ਮਹਾਤਮਾ ਗਾਂਧੀ

93.ਪਲਾਸੀ ਅਤੇ ਬਕਸਰ ਦੀ ਲੜਾਈ ਤੋਂ ਬਾਅਦ ਈਸਟ ਇੰਡੀਆ ਕੰਪਨੀ ਦੀ ਕਿਸ ਰਾਜਧਾਨੀ ਦੀ ਮਹੱਤਤਾ ਵੱਧ ਗਈ ਸੀ?

(ੳ) ਮਦਰਾਸ (ਅ) ਚੇੱਨਈ (ੲ) ਕਲਕੱਤਾ (ਸ) ਕੇਰਲਾ

ਉੱਤਰ:- ਕਲਕੱਤਾ

94. ਈਸਟ ਇੰਡੀਆ ਕੰਪਨੀ ਦੇ ਮਦਰਾਸ ਕੇਂਦਰ ਦੀ ਸਥਾਪਨਾ 1639 ਈ. ਵਿੱਚ ਕਿਸ ਦੁਆਰਾ ਕੀਤੀ ਗਈ?

(ੳ) ਜੈਨ (ਅ) ਫਰਾਂਸਿਸ ਡੇ (ੲ) ਵਾਸਕੋ-ਡੀ-ਗਾਮਾ (ਸ) ਉਕਤ ਕੋਈ ਨਹੀਂ।

ਉੱਤਰ:- ਫਰਾਂਸਿਸ ਡੇ

95. ਕਿਹੜਾ ਨਗਰ ਪੁਰਤਗਾਲੀਆਂ ਨੇ ਦਾਜ ਦੇ ਰੂਪ ਵਿੱਚ ਇੰਗਲੈਂਡ ਨੂੰ ਦੇ ਦਿੱਤਾ ਸੀ?

(ੳ) ਮੁੰਬਈ/ਬੰਬਈ (ਅ) ਕਲੱਕਤਾ (ੲ) ਮਦਰਾਸ (ਸ) ਬੰਗਾਲ

ਉੱਤਰ:- ਮੁੰਬਈ/ਬੰਬਈ

96. 1911 ਈ. ਵਿੱਚ ਅੰਗਰੇਜਾਂ ਦੁਆਰਾ ਕਿਸ ਨਗਰ ਨੂੰ ਆਪਣੀ ਰਾਜਧਾਨੀ ਬਣਾਇਆ ਗਿਆ?

(ੳ) ਦਿੱਲੀ (ਅ) ਪਟਨਾ (ੲ) ਨਾਗਪੁਰ (ਸ) ਗੁਜਰਾਤ

ਉੱਤਰ:- ਦਿੱਲੀ

97. 'ਗੋਦਾਨ' ਅਤੇ 'ਰੰਗਭੂਮੀ' ਨਾਂ ਦੀਆਂ ਪ੍ਰਸਿੱਧ ਰਚਨਾਵਾਂ ਕਿਸ ਦੀਆਂ ਸਨ?

(ੳ) ਮਧੂਸੂਦਨ ਦੱਤਾ (ਅ) ਮੁਨਸ਼ੀ ਪ੍ਰੇਮ ਚੰਦ (ੲ) ਰਵਿੰਦਰ ਨਾਥ ਟੈਗੋਰ (ਸ) ਉਪਰੋਕਤ ਕੋਈ ਨਹੀਂ

ਉੱਤਰ:- ਮੁਨਸ਼ੀ ਪ੍ਰੇਮ ਚੰਦ

98. ਭਾਰਤ ਦਾ ਰਾਸ਼ਟਰੀ ਗੀਤ ਬੈਂਕਿਮ ਚੰਦਰ ਚੈਟਰਜੀ ਦੇ ਕਿਸ ਨਾਵਲ ਦਾ ਹਿੱਸਾ ਹੈ?

(ੳ) ਆਨੰਦ ਮੱਠ (ਅ) ਦੇਸੀ ਗੀਤ (ੲ) ਕਲਾ ਭਵਨ (ੲ) ਅਮਰ ਸੋਨਾਰ ਬਾਂਗਲਾ

ਉੱਤਰ:- ਆਨੰਦ ਮੱਠ

99. ਬਾਲ ਗੰਗਾਧਰ ਤਿਲਕ ਦੁਆਰਾ ਕਿਹੜਾ ਪ੍ਰਸਿੱਧ ਸਮਾਚਾਰ ਪੱਤਰ ਛਾਪਿਆ ਗਿਆ?

(ੳ) ਕਲੱਕਤਾ ਜਨਰਲ (ਅ) ਦਰਪਨ (ੲ) ਕੇਸਰੀ (ਸ) ਦਿਗ ਦਰਸ਼ਨ

ਉੱਤਰ:- ਕੇਸਰੀ

100. ਬੰਗਾਲ ਦੀ ਵੰਡ ਕਦੋਂ ਅਤੇ ਕਿਸ ਗਵਰਨਰ ਜਨਰਲ ਨੇ ਕੀਤੀ ਸੀ?

(ੳ) 1905 ਈ.ਵਿੱਚ ਵਿੱਚ ਲਾਰਡ ਕਰਜਨ (ਅ) 1907ਈ.ਵਿੱਚ ਲਾਰਡ ਡਲਹੌਜ਼ੀ

(ੲ) 1909 ਈ. ਵਿੱਚ ਵਾਰਨ ਹੇਸਟਿੰਗਜ਼ (ਸ) 1911 ਈ. ਵਿੱਚ ਲਾਰਡ ਕਾਰਨਵਾਲਿਸ

ਉੱਤਰ:- 1905 ਈ.ਵਿੱਚ ਵਿੱਚ ਲਾਰਡ ਕਰਜਨ

101. ਹੇਠ ਲਿਖਿਆਂ ਵਿੱਚ ਕਿਹੜੇ ਉਦਾਰਵਾਦੀ ਨੇਤਾ ਸਨ?

(ੳ) ਦਾਦਾ ਭਾਈ ਨਾਰੋਜੀ (ਅ) ਸੁਰਿੰਦਰ ਨਾਥ ਬੈਨਰਜੀ (ੲ) ਉਪਰੋਕਤ ਦੋਵੇਂ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

ਉੱਤਰ:- ਉਪਰੋਕਤ ਦੋਵੇਂ

102. ਇੰਡੀਅਨ ਨੈਸ਼ਨਲ ਕਾਂਗਰਸ ਦੀ ਪਹਿਲੀ ਮੀਟਿੰਗ ਕਦੋਂ ਹੋਈ?

(ੳ) 29 ਤੋਂ 30 ਦਸੰਬਰ 1885 ਵਿੱਚ (ਅ) 20 ਤੋਂ 28 ਦਸੰਬਰ 1885 ਵਿੱਚ

(ੲ) 25 ਤੋਂ 30 ਦਸੰਬਰ 1885 ਵਿੱਚ (ਸ) ਉਪਰੋਕਤ ਵਿੱਚੋਂ ਕੋਈ ਨਹੀਂ

ਉੱਤਰ:- 29 ਤੋਂ 30 ਦਸੰਬਰ 1885 ਵਿੱਚ

103. "ਅਸੀ ਅੰਗਰੇਜਾਂ ਨਾਲ ਕੋਈ ਸਬੰਧ ਨਹੀ ਰੱਖਣਾ ਚਾਹੁੰਦੇ ਹਾਂ, ਅਸੀ ਭਾਰਤ ਵਿੱਚ ਆਪਣੀ ਸਰਕਾਰ ਚਾਹੁੰਦੇ ਹਾਂ"-ਇਹ ਸ਼ਬਦ ਕਿਸ ਦੁਆਰਾ ਕਹੇ ਗਏ ਸਨ?

(ੳ) ਲਾਲਾ ਲਾਜਪਤ ਰਾਏ (ਅ) ਬਾਲ ਗੰਗਾਧਰ ਤਿਲਕ (ੲ) ਵਿਪਨ ਚੰਦਰਪਾਲ (ਸ) ਮਹਾਤਮਾ ਗਾਂਧੀ

ਉੱਤਰ:- ਵਿਪਨ ਚੰਦਰਪਾਲ

104. ਗਦਰ ਪਾਰਟੀ ਦੀ ਸਥਾਪਨਾ ਕਦੋਂ ਕੀਤੀ ਗਈ?

(ੳ) 1902 ਈ. (ਅ) 1913 ਈ. (ੲ) 1885 ਈ. (ਸ) 1905 ਈ.

ਉੱਤਰ:- 1913 ਈ.

105. ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਕਦੋਂ ਅਤੇ ਕਿੱਥੇ ਹੋਈ ਸੀ?

(ੳ)28 ਦਸੰਬਰ, 1885 ਨੂੰ ਬੰਬਈ (ਮੁੰਬਈ) ਵਿੱਚ (ਅ) 28 ਨਵੰਬਰ, 1885 ਨੂੰ ਕਲਕੱਤਾ ਵਿੱਚ

(ੲ) 28 ਅਕਤੂਬਰ, 1885 ਨੂੰ ਚੇਨੱਈ ਵਿੱਚ (ਸ) 28 ਸਤੰਬਰ, 1885 ਨੂੰ ਬਿਹਾਰ ਵਿੱਚ

ਉੱਤਰ:- 28 ਦਸੰਬਰ, 1885 ਨੂੰ ਬੰਬਈ (ਮੁੰਬਈ) ਵਿੱਚ

106. 'ਦਿੱਲੀ ਚਲੋ' ਦਾ ਨਾਅਰਾ ਕਿਸ ਵੱਲੋਂ ਦਿੱਤਾ ਗਿਆ?

(ੳ) ਸੁਭਾਸ ਚੰਦਰ ਬੋਸ (ਅ) ਮਹਾਤਮਾ ਗਾਂਧੀ (ੲ) ਸ਼ਹੀਦ ਭਗਤ ਸਿੰਘ (ਸ) ਜਵਾਹਰ ਲਾਲ ਨਹਿਰੂ

ਉੱਤਰ:- ਸੁਭਾਸ ਚੰਦਰ ਬੋਸ

107. 'ਨਾ ਅਪੀਲ ਨਾ ਵਕੀਲ, ਨਾ ਦਲੀਲ' ਇਹ ਸ਼ਬਦ ਕਿਸ ਨੇ ਕਿਹੇ?

(ੳ) ਡਾ. ਸਤਪਾਲ ਜੀ (ਅ) ਮਹਾਤਮਾ ਗਾਂਧੀ (ੲ) ਅਜਮਲ ਖਾਂ (ਸ) ਪੰਡਿਤ ਮੋਤੀ ਲਾਲ ਨਹਿਰੂ

ਉੱਤਰ:- ਪੰਡਿਤ ਮੋਤੀ ਲਾਲ ਨਹਿਰੂ

108. 'ਖਿਲਾਫ਼ਤ ਅੰਦੋਲਨ' ਦੀ ਅਗਵਾਈ ਕਿਨ੍ਹਾਂ ਦੁਆਰਾ ਕੀਤੀ ਗਈ?

(ੳ) ਸ਼ੌਕਤ ਅਲੀ (ਅ) ਮੁਹੰਮਦ ਅਲੀ (ੲ) ਅਬੁਲ ਕਲਾਮ ਅਜ਼ਾਦ (ਸ) ਉਪਰੋਕਤ ਸਾਰੇ

ਉੱਤਰ:- ਉਪਰੋਕਤ ਸਾਰੇ

109.ਮਹਾਤਮਾ ਗਾਂਧੀ ਨੇ ਅੰਗਰੇਜ਼ੀ ਸਰਕਾਰ ਖਿਲਾਫ਼ ਨਾ-ਮਿਲ਼ਵਰਤਨ ਅੰਦੋਲਨ ਕਦੋਂ ਸ਼ੁਰੂ ਕੀਤਾ ਸੀ?

(ੳ) 1818 ਈ. (ਅ) 1920 ਈ. (ੲ) 1947 ਈ. (ਸ) 1957 ਈ.

ਉੱਤਰ:- 1920 ਈ.

110. ਮਹਾਤਮਾ ਗਾਂਧੀ ਜੀ ਨੇ ਨਾ-ਮਿਲਵਰਤਨ ਅੰਦੋਲਨ ਕਿੱਥੇ ਮੁਲਤਵੀ ਕੀਤਾ?

(ੳ) ਗੋਰਖਪੁਰ (ਅ) ਬਾਰਦੌਲੀ (ੲ) ਚੌਰੀ-ਚੌਰਾ (ਸ) ਪੋਰਬੰਦਰ

ਉੱਤਰ:- ਚੌਰੀ-ਚੌਰਾ

111. ਮਹਾਤਮਾ ਗਾਂਧੀ ਨੇ ਅੰਗਰੇਜ਼ੀ ਸਰਕਾਰ ਖਿਲਾਫ਼ ਭਾਰਤ ਛੱਡੋ ਅੰਦੋਲਨ ਕਦੋਂ ਸ਼ੁਰੂ ਕੀਤਾ ਸੀ?

(ੳ)1940ਈ. (ਅ) 1942ਈ. (ੲ) 1944ਈ. (ਸ) 1946ਈ.

ਉੱਤਰ:- 1942ਈ.

112. ਭਾਰਤ ਦਾ ਸੰਵਿਧਾਨ ਕਦੋਂ ਲਾਗੂ ਕੀਤਾ ਗਿਆ ਸੀ।

(ੳ) 26 ਨਵੰਬਰ 1949 (ਅ) 26 ਜਨਵਰੀ 1950 (ੲ) 26 ਜਨਵਰੀ 1930 (ਸ) 26 ਜਨਵਰੀ 1949

ਉੱਤਰ:- 26 ਜਨਵਰੀ 1950

113. ਸੰਵਿਧਾਨ ਸਭਾ ਦੀ ਮਸੌਦਾ ਕਮੇਟੀ ਦੇ ਕੌਣ ਪ੍ਰਧਾਨ ਸਨ ?

ੳ) ਡਾ.ਰਾਜਿੰਦਰ ਪ੍ਰਸਾਦ ਅ) ਡਾ.ਬੀ.ਆਰ.ਅੰਬੇਡਕਰ ੲ) ਮਹਾਤਮਾ ਗਾਂਧੀ ਸ) ਪੰਡਿਤ ਜਵਾਹਰ ਲਾਲ ਨਹਿਰੂ

ਉੱਤਰ:- ਡਾ.ਬੀ.ਆਰ.ਅੰਬੇਡਕਰ

114 . ਹੇਠ ਲਿਖਿਆਂ ਵਿੱਚ ਭਾਰਤ 'ਚ ਕੌਣ ਸਰਵ-ਉੱਚ ਹੈ-

ੳ) ਪ੍ਰਧਾਨ ਮੰਤਰੀ (ਅ) ਰਾਸ਼ਟਰਪਤੀ ੲ) ਨਿਆਂਪਾਲਿਕਾ ਸ) ਮੁੱਖ ਮੰਤਰੀ

ਉੱਤਰ:- ਨਿਆਂਪਾਲਿਕਾ

115. ਮਸੌਦਾ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਦੱਸੋ ?

ੳ. 11 ਅ. 18 ੲ. 07 ਸ. 02

ਉੱਤਰ:- 07

116. ਮੌਲਿਕ ਅਧਿਕਾਰ ਭਾਰਤੀ ਸੰਵਿਧਾਨ ਦੇ ਕਿਹੜੇ ਭਾਗ ਵਿਚ ਹਨ?

ੳ. ਪਹਿਲਾ ਭਾਗ ਅ. ਦੂਸਰਾ ਭਾਗ ੲ. ਤੀਸਰਾ ਭਾਗ ਸ. ਚੌਥਾ ਭਾਗ

ਉੱਤਰ:- ਤੀਸਰਾ ਭਾਗ

117. ਆਦਰਸ਼ਾਂ ਲਈ ਕਾਨੂੰਨ ਕਿੱਥੇ ਦਰਜ ਹਨ?

ੳ. ਕਾਨੂੰਨ ਦੀਆਂ ਕਿਤਾਬਾਂ' ਚ ਅ. ਪ੍ਰਸਤਾਵਨਾ 'ਚ ੲ. ਭਾਰਤੀ ਸੰਵਿਧਾਨ 'ਚ ਸ. ਇਨ੍ਹਾਂ'ਚ ਕੋਈ ਵੀ ਨਹੀਂ

ਉੱਤਰ:- ਭਾਰਤੀ ਸੰਵਿਧਾਨ 'ਚ

118.ਸੰਵਿਧਾਨ ਦੇ ਕਿਹੜੇ ਅਨੁਛੇਦ 'ਚ ਵਿਚ ਭਾਰਤੀ ਨਾਗਰਿਕਾਂ ਨੂੰ ਛੇ ਸੁਤੰਤਰਤਾਵਾਂ ਦਿੱਤੀਆਂ ਗਈਆਂ ਹਨ?

ੳ. ਅਨੁਛੇਦ 18 ਅ. ਅਨੁਛੇਦ 14 ੲ. ਅਨੁਛੇਦ 19 ਸ. ਅਨੁਛੇਦ 17

ਉੱਤਰ:- ਅਨੁਛੇਦ 19

119. 'ਮੁਫ਼ਤ ਅਤੇ ਲਾਜਮੀ ਵਿਦਿਆ ਦਾ ਅਧਿਕਾਰ' ਕਿਹੜੀ ਜਮਾਤ ਤੱਕ ਲਾਗੂ ਹੈ?

ੳ.ਪੰਜਵੀਂ ਅ. ਅੱਠਵੀਂ ੲ. ਦਸਵੀਂ ਸ. ਬਾਰਵੀਂ

ਉੱਤਰ:- ਅੱਠਵੀਂ

120. ਮਨੁੱਖ ਦਾ ਵਪਾਰ ਕਰਨ ਦੀ ਮਨਾਹੀ ਕਿਸ ਅਧਿਕਾਰ ਅਧੀਨ ਦਰਜ ਹੈ ?

ੳ.ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਅ. ਸਮਾਨਤਾ ਦਾ ਅਧਿਕਾਰ

ੲ. ਸੋਸ਼ਣ ਵਿਰੁੱਧ ਅਧਿਕਾਰ ਸ. ਇਨ੍ਹਾਂ ਵਿੱਚੋਂ ਕੋਈ ਨਹੀਂ

ਉੱਤਰ:- ਸੋਸ਼ਣ ਵਿਰੁੱਧ ਅਧਿਕਾਰ

121. ਭਾਰਤ ਵਿੱਚ ਸਿੱਖਿਆ ਅਧਿਕਾਰ ਐਕਟ ਕਦੋਂ ਤੋਂ ਲਾਗੂ ਹੈ?

ੳ. 4 ਅਗਸਤ 2009 ਅ. ਦਸੰਬਰ 2002 ੲ. 1 ਅਪ੍ਰੈਲ 2010 ਸ. 1 ਅਪ੍ਰੈਲ 2009

ਉੱਤਰ:- 1 ਅਪ੍ਰੈਲ 2010

122. ਸਿੱਖਿਆ ਦਾ ਅਧਿਕਾਰ ਸੰਵਿਧਾਨ 'ਚ ਕਿਸ ਧਾਰਾ ਅਧੀਨ ਦਰਜ ਹੈ?

ੳ. ਧਾਰਾ 21 ਅ. ਧਾਰਾ 21-A ੲ. ਧਾਰਾ 20 ਸ. ਇਨ੍ਹਾਂ ਵਿੱਚੋਂ ਕੋਈ ਨਹੀਂ

ਉੱਤਰ:- ਧਾਰਾ 21-A

123. ਰਾਸ਼ਟਰਪਤੀ ਰਾਜ ਸਭਾ ਵਿੱਚ ਕਿੰਨ੍ਹੇ ਮੈਂਬਰ ਨਾਮਜ਼ਦ ਕਰ ਸਕਦਾ ਹੈ?

ੳ) 8 ਅ) 12 ੲ) 02 ਸ) 10

ਉੱਤਰ:- 12

124. ਪੰਜਾਬ ਵਿਚੋਂ ਰਾਜ ਸਭਾ ਲਈ ਕਿੰਨ੍ਹੇ ਮੈਂਬਰ ਚੁਣੇ ਜਾਂਦੇ ਹਨ?

ੳ) 11 ਅ) 13 ੲ) 07 ਸ) 02

ਉੱਤਰ:-07

125. ਸੰਸਦ ਦੇ ਦੋਨਾਂ ਸਦਨਾਂ 'ਚ ਹੋਏ ਮੱਤਭੇਦ ਨੂੰ ਕੌਣ ਦੂਰ ਕਰਦਾ ਹੈ?

ੳ) ਸਪੀਕਰ ਅ) ਪ੍ਰਧਾਨ ਮੰਤਰੀ ੲ) ਰਾਸ਼ਟਰਪਤੀ ਸ) ਉੱਪ-ਰਾਸ਼ਟਰਪਤੀ

ਉੱਤਰ:- ਰਾਸ਼ਟਰਪਤੀ

126. ਸੁਪਰੀਮ ਕੋਰਟ ਨੂੰ ਵਿਸ਼ੇਸ਼ ਅਧਿਕਾਰ ਸੰਵਿਧਾਨ ਦੀ ਕਿਸ ਧਾਰਾ ਅਧੀਨ ਪ੍ਰਾਪਤ ਹਨ ?

(ੳ) ਧਾਰਾ 134 (ਅ) ਧਾਰਾ 135 (ੲ) ਧਾਰਾ 136 (ਸ) ਧਾਰਾ 137

ਉੱਤਰ:- ਧਾਰਾ 136

127. ਉੱਚ ਅਦਾਲਤਾਂ ਦਾ ਗਠਨ ਕਿੱਥੇ ਕੀਤਾ ਜਾਂਦਾ ਹੈ?

(ੳ) ਜ਼ਿਲ੍ਹਾ ਪੱਧਰ (ਅ) ਤਹਿਸੀਲ ਪੱਧਰ (ੲ) ਰਾਜ ਪੱਧਰ (ਸ) ਪਿੰਡ ਪੱਧਰ

ਉੱਤਰ:- ਰਾਜ ਪੱਧਰ

128. ਜਨਹਿੱਤ ਮੁਕੱਦਮਾ ਕਦੋਂ ਦਰਜ ਹੋ ਸਕਦਾ ਹੈ ?

(ੳ) ਨਿੱਜੀ ਹਿੱਤਾਂ ਦੀ ਰਾਖੀ ਲਈ (ਅ) ਸਰਕਾਰੀ ਹਿੱਤਾਂ ਦੀ ਰਾਖੀ ਲਈ

(ੲ) ਜਨਤਕ ਹਿੱਤਾਂ ਦੀ ਰਾਖੀ ਲਈ (ਸ) ਇਨ੍ਹਾਂ ਚੋਂ ਕੋਈ ਨਹੀਂ।

ਉੱਤਰ:- ਜਨਤਕ ਹਿੱਤਾਂ ਦੀ ਰਾਖੀ ਲਈ

129. "ਭਾਰਤ ਵਿੱਚ ਜਾਤੀ ਸਭ ਤੋਂ ਮਹੱਤਵਪੂਰਨ ਰਾਜਨੀਤਕ ਦਲ ਹੈ"। ਇਹ ਸ਼ਬਦ ਕਿਸ ਨੇ ਕਹੇ?

(ੳ) ਮਹਾਤਮਾ ਗਾਂਧੀ (ਅ) ਪੰਡਿਤ ਜਵਾਹਰ ਲਾਲ ਨਹਿਰੂ

(ੲ) ਸ਼੍ਰੀ ਜੈ ਪ੍ਰਕਾਸ਼ ਨਰਾਇਣ (ਸ) ਡਾ. ਬੀ. ਆਰ. ਅੰਬੇਦਕਰ

ਉੱਤਰ:- ਸ਼੍ਰੀ ਜੈ ਪ੍ਰਕਾਸ਼ ਨਰਾਇਣ

130. ਭਾਰਤੀਆਂ ਨੂੰ ਸਮਾਜਿਕ ਨਿਆਂ ਦੇਣ ਦੇ ਉਦੇਸ਼ ਨਾਲ ਸੰਵਿਧਾਨ 'ਚ ਕਿਹੜਾ ਮੌਲਿਕ ਅਧਿਕਾਰ ਦਰਜ ਕੀਤਾ ਗਿਆ ਹੈ?

(ੳ) ਸੁਤੰਤਰਤਾ ਦਾ ਅਧਿਕਾਰ (ਅ) ਸ਼ੋਸ਼ਣ ਵਿਰੁੱਧ ਅਧਿਕਾਰ

(ੲ) ਸਮਾਨਤਾ ਦਾ ਅਧਿਕਾਰ (ਸ) ਇਹਨਾਂ 'ਚੋਂ ਕੋਈ ਨਹੀਂ

ਉੱਤਰ:- ਸਮਾਨਤਾ ਦਾ ਅਧਿਕਾਰ

131 .ਪੜ੍ਹੋ ਸਾਰੇ ਵਧੋ ਸਾਰੇ ਕਿਸ ਦਾ ਮਾਟੋ (ਲੋਗੋ) ਹੈ ?

(ੳ) ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਅ) ਸਰਵ ਸਿੱਖਿਆ ਅਭਿਆਨ

(ੲ) ਰਾਸ਼ਟਰੀ ਸ਼ਾਖਰਤਾ ਮਿਸ਼ਨ (ਸ) ਪੰਜਾਬ ਸਕੂਲ ਸਿੱਖਿਆ ਬੋਰਡ

ਉੱਤਰ:- ਸਰਵ ਸਿੱਖਿਆ ਅਭਿਆਨ

132. ਸਰਕਾਰੀ ਨੌਕਰੀਆਂ 'ਚ ਰਾਖਵਾਂਕਰਨ ਕਿੰਨ੍ਹਾਂ ਲਈ ਲਾਗੂ ਹੈ ?

(ੳ) ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਲਈ (ਅ) ਕੇਵਲ ਪੱਛੜੀਆਂ ਸ਼੍ਰੇਣੀਆਂ ਲਈ

(ੲ) ਕੇਵਲ ਗਰੀਬ ਲੋਕਾਂ ਲਈ (ਸ) ਅਨੁਸੂਚਿਤ ਜਾਤੀਆਂ -ਜਨ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ।

ਉੱਤਰ:- ਅਨੁਸੂਚਿਤ ਜਾਤੀਆਂ-ਜਨ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ।

133. ATM ਦਾ ਪੂਰਾ ਨਾਂ ਕੀ ਹੈ?

(ੳ) ਆਟੋਮੇਟਿਡ ਟੈਲਰ ਮਸ਼ੀਨ( Automated teller machine) (ਅ) ਆਲ ਟਾਈਮ ਮਨੀ (All time money)

(ੲ) ਐਨੀ ਟਾਈਮ ਮਨੀ (Any time money) (ਸ) ਐਡਵਾਂਸ ਟਾਈਮ ਮਨੀ

ਉੱਤਰ:- ਆਟੋਮੇਟਿਡ ਟੈਲਰ ਮਸ਼ੀਨ ( Automated teller machine)

134. ATM ਕਾਰਡ ਹੋਣ ਦੇ ਕੀ ਫਾਇਦੇ ਹਨ?

(ੳ) ਸਮਾਂ ਬਚਦਾ ਹੈ ਅਤੇ ਕਾਗਜ਼ੀ ਕਾਰਵਾਈ ਵੀ ਘੱਟਦੀ ਹੈ। (ਅ) ਕਿਸੇ ਵੀ ਸਮੇਂ ਪੈਸੇ ਕਢਵਾਏ ਜਾ ਸਕਦੇ ਹਨ।

(ੲ) ਖਾਤੇ ਵਿੱਚ ਬਚੇ ਪੈਸੇ ਆਦਿ ਪਤਾ ਕਰਨਾ ਸੌਖਾ ਹੁੰਦਾ ਹੈ। (ਸ) ਉਪਰੋਕਤ ਸਾਰੇ ਹੀ।

ਉੱਤਰ:- ਉਪਰੋਕਤ ਸਾਰੇ ਹੀ।

135. ਇੱਕ ATM ਕਾਰਡ ਨਾਲ ਕੀ-ਕੀ ਹੋ ਸਕਦਾ ਹੈ?

(ੳ) ਨਕਦ ਪੈਸੇ ਕਢਵਾਉਣਾ ਅਤੇ ਖਾਤੇ ਦਾ ਬਕਾਇਆ ਚੈੱਕ ਕਰਨਾ (ਅ) ਬਿੱਲ ਦਾ ਭੁਗਤਾਨ ਕਰਨਾ

(ੲ) ਫੰਡਾਂ ਦਾ ਤਬਾਦਲਾ (ਸ) ਉਪਰੋਕਤ ਸਾਰੇ ਹੀ।

ਉੱਤਰ:- ਉਪਰੋਕਤ ਸਾਰੇ ਹੀ।

## ਇੱਕ ਅੰਕ ਵਾਲੇ ਪ੍ਰਸ਼ਨ:- (ਖਾਲੀ ਥਾਵਾਂ ਭਰੋ)

1. ਮਿੱਟੀ ਧਰਤੀ ਦੀ ਸਭ ਤੋਂ ਉੱਪਰਲੀ ਪਰਤ ਹੈ, ਜੋ ਮੂਲ ਚੱਟਾਨਾਂ ਦੇ ਟੁੱਟਣ ਭੱਜਣ, ਜਲਵਾਯੂ, ਜੀਵਾਂ ਅਤੇ ਰੁੱਖ ਬੂਟਿਆਂ ਦੇ ਗਲਣ-ਸੜਨ ਆਦਿ ਤੱਤਾਂ ਦੇ ਅਸਰ ਨਾਲ ਬਣਦੀ ਹੈ।
2. ਮਨੁੱਖੀ ਬੁੱਧੀ, ਗਿਆਨ ਅਤੇ ਕੰਮ ਕਰਨ ਦੀ ਕੁਸ਼ਲਤਾ ਨੂੰ ਮਨੁੱਖੀ ਸਾਧਨ ਕਿਹਾ ਜਾਂਦਾ ਹੈ।
3. ਖੇਤਰੀ ਪੇਂਡੂ ਬੈਂਕ ਨੂੰ ਖੇਤੀਬਾੜੀ ਅਤੇ ਪੇਂਡੂ ਕਰਜ਼ੇ ਪ੍ਰਦਾਨ ਕਰਨ ਦੀ ਅਹਿਮ ਭੂਮਿਕਾ ਸੌਂਪੀ ਗਈ ਸੀ।
4. ਜਨਤਕ ਖੇਤਰ ਦੇ ਬੈਂਕਾਂ ਦੀ ਮਲਕੀਅਤ ਅਤੇ ਕੰਟਰੋਲ ਸਰਕਾਰ ਦੇ ਹੱਥ ਹੁੰਦਾ ਹੈ।
5. ਵਿਦੇਸ਼ੀ ਬੈਂਕ ਮੂਲੋਂ ਵਿਦੇਸ਼ੀ ਬੈਂਕ ਹਨ ਅਤੇ ਉਹਨਾਂ ਦਾ ਮੁੱਖ ਦਫ਼ਤਰ ਉਹਨਾਂ ਦੇ ਮੂਲ ਸਥਾਨਾਂ ਤੇ ਹੀ ਸਥਿੱਤ ਹੁੰਦੇ ਹਨ।
6. ਚੈੱਕ ਇੱਕ ਅਜਿਹਾ ਦਸਤਾਵੇਜ਼ ਹੁੰਦਾ ਹੈ ਜੋ ਬੈਂਕ ਦੇ ਖਾਤੇ ਵਿੱਚ ਭੁਗਤਾਨ ਦਾ ਆਦੇਸ਼ ਦਿੰਦਾ ਹੈ।
7. MICR ਕੋਡ ਚੈੱਕ ਨੂੰ ਫੰਡ ਲੈਣ ਵਾਲੇ ਖਾਤੇ ਤੱਕ ਭੇਜਨ ਵਿੱਚ ਸਹਾਈ ਹੁੰਦਾ ਹੈ।
8. ਪੈਟਰੋਲੀਅਮ ਨੂੰ ਤਰਲ ਸੋਨੇ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।
9. ਕੁਦਰਤੀ ਗੈਸ ਪੈਟਰੋਲੀਅਮ ਪਦਾਰਥਾਂ ਤੋਂ ਪੈਦਾ ਹੁੰਦੀ ਹੈ।
10. ਭਾਰਤ ਦਾ ਕਰਨਾਟਕ ਰਾਜ ਸਭ ਤੋਂ ਵੱਧ ਸੋਨਾ ਪੈਦਾ ਕਰਨ ਵਾਲਾ ਰਾਜ ਹੈ।
11. ਜਦੋਂ ਕੁੱਝ ਖਤਰੇ ਮਨੁੱਖ ਲਈ ਘਾਤਕ ਬਣ ਜਾਂਦੇ ਹਨ ਤਾਂ ਉਹਨਾਂ ਨੂੰ ਆਫ਼ਤਾਂ ਦਾ ਨਾਂ ਦਿੱਤਾ ਜਾਂਦਾ ਹੈ।
12. ਆਫ਼ਤ ਪ੍ਰਬੰਧਨ ਦਾ ਵਿਸ਼ਾ ਕੁਦਰਤੀ ਅਤੇ ਮਨੁੱਖੀ ਆਫਤਾਂ ਤੋਂ ਬਚ-ਬਚਾਅ ਜਾਂ ਨੁਕਸਾਨ ਨੂੰ ਘੱਟ ਕਰਨ ਸਬੰਧੀ ਹੈ।
13. ਧਰਤੀ ਦੇ ਹਿੱਲਣ ਨੂੰ ਅਸੀਂ ਭੂਚਾਲ ਦਾ ਨਾਂ ਦਿੰਦੇ ਹਾਂ।
14. ਕਬਾਇਲੀ ਸਮਾਜ ਭਾਰਤ ਦੀ ਅਬਾਦੀ ਦਾ ਇੱਕ ਮਹੱਤਵਪੂਰਨ ਹਿੱਸਾ ਹੈ।
15. ਕਬਾਇਲੀ ਲੋਕ ਇੱਕ ਜਾਂ ਦੋ ਕਮਰਿਆਂ ਵਾਲੀਆਂ ਝੋਪੜੀਆਂ ਵਿੱਚ ਰਹਿੰਦੇ ਹਨ।
16. ਪੂਰਬ ਵਿੱਚ ਜੈਂਤੀਆਂ ਪਹਾੜੀਆਂ ਤੋਂ ਲੈ ਕੇ ਪੱਛਮ ਵਿੱਚ ਗਾਰੋ ਪਹਾੜੀਆਂ ਤੱਕ ਦੇ ਖੇਤਰ ਵਿੱਚ ਖਾਸੀ ਕਬੀਲੇ ਦਾ ਰਾਜ ਸੀ।
17. ਜਦੋਂ ਬਰਤਾਨਵੀ ਸੈਨਿਕ ਖਾਸੀ ਕਬੀਲੇ ਦੇ ਵਿਦਰੋਹ ਦਾ ਸਾਹਮਣਾ ਕਰ ਰਹੇ ਸਨ ਤਾਂ ਉਸ ਸਮੇਂ ਹੀ ਇੱਕ ਹੋਰ ਪਹਾੜੀ ਕਬੀਲੇ ਸਿੰਗਫੋਸ ਨੇ ਬਗਾਵਤ ਕਰ ਦਿੱਤੀ।
18. ਦੇਸੀ ਰਿਆਸਤਾਂ ਦੇ ਰਾਜੇ-ਮਹਾਰਾਜੇ ਲਘੂ ਉਦਯੋਗਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਵਰਤੋਂ ਕਰਦੇ ਸਨ।
19. ਨਵੀਂ ਪੀੜ੍ਹੀ ਦੇ ਲੋਕ ਲਘੂ ਉਦਯੋਗਾਂ ਦੁਆਰਾ ਤਿਆਰ ਕੀਤੇ ਮਾਲ ਨੂੰ ਪਸੰਦ ਨਹੀਂ ਕਰਦੇ ਸਨ।
20. ਸਾਰੇ ਨਵੇਂ ਕਾਰਖਾਨੇ ਕੋਲੇ ਨਾਲ ਚਲਦੇ ਸਨ।
21. 19ਵੀਂ ਸਦੀ ਵਿੱਚ ਬੰਗਾਲੀ ਭਾਸ਼ਾ ਵਿੱਚ ਬਹੁਤ ਸਾਰਾ ਸਾਹਿਤ ਲਿਖਿਆ ਗਿਆ।
22. 'ਬੰਦੇ ਮਾਤਰਮ' ਦਾ ਰਾਸ਼ਟਰੀ ਗੀਤ ਬੰਕਿਮ ਚੰਦਰ ਚੈਟਰਜ਼ੀ ਨੇ ਲਿਖਿਆ।
23. ਮੁਨਸ਼ੀ ਪ੍ਰੇਮ ਚੰਦ ਨੇ ਉਰਦੂ ਅਤੇ ਹਿੰਦੀ ਭਾਸ਼ਾ ਵਿੱਚ ਕਈ ਨਾਵਲ ਲਿਖੇ।
24. ਅੰਮ੍ਰਿਤਾ ਸ਼ੇਰ ਗਿੱਲ ਅਤੇ ਜਾਰਜ ਕੀਟ ਪ੍ਰਸਿੱਧ ਭਾਰਤੀ ਚਿੱਤਰਕਾਰ ਸਨ।
25. ਪ੍ਰਸਤਾਵਨਾ ਨੂੰ ਸੰਵਿਧਾਨ ਦੀ ਕੁੰਜੀ ਵੀ ਕਿਹਾ ਜਾਂਦਾ ਹੈ।
26. ਭਾਰਤੀ ਸੰਵਿਧਾਨ ਦੇ ਅਨੁਛੇਦ 14 ਤੋਂ 32 ਤੱਕ ਮੌਲਿਕ ਅਧਿਕਾਰ ਦਰਜ ਹਨ।
27. ਸੰਵਿਧਾਨ ਦੀ 42 ਵੀਂ ਸੋਧ ਰਾਹੀਂ ਪ੍ਰਸਤਾਵਨਾ 'ਚ ਸਮਾਜਵਾਦੀ ਅਤੇ ਧਰਮ ਨਿਰਪੱਖ ਸ਼ਬਦ ਦਰਜ਼ ਕੀਤੇ ਗਏ।
28. ਸਾਰੇ ਧਰਮਾਂ ਨੂੰ ਬਰਾਬਰ ਸਮਝਣਾ ਚਾਹੀਦਾ ਹੈ।

29. ਭਾਰਤੀ ਸੰਵਿਧਾਨ ਵਿੱਚ ਛੇ ਮੌਲਿਕ ਅਧਿਕਾਰ ਦਰਜ ਕੀਤੇ ਗਏ ਹਨ।

30. ਭਾਰਤੀ ਸੰਵਿਧਾਨ 'ਚ ਮੌਲਿਕ ਅਧਿਕਾਰ ਅਨੁਛੇਦ **14 ਤੋਂ 32** ਤੱਕ ਦਰਜ ਹਨ।

31. ਸੰਵਿਧਾਨ ਦੀ ਧਾਰਾ 25 ਧਰਮ ਦੇ ਆਧਾਰ ਤੇ ਵਿਤਕਰਿਆਂ ਦੀ ਮਨਾਹੀ ਕਰਦੀ ਹੈ।

32. ਪਹਿਲਾ ਮੌਲਿਕ ਅਧਿਕਾਰ ਸਮਾਨਤਾ ਦਾ ਅਧਿਕਾਰ ਹੈ।

33. ਪ੍ਰੈੱਸ ਦੀ ਆਜ਼ਾਦੀ ਸੁਤੰਤਰਤਾ ਦੇ ਅਧਿਕਾਰ ਅਧੀਨ ਦਿੱਤੀ ਗਈ ਹੈ।

34. ਐੱਫ. ਆਈ. ਆਰ. ਪਹਿਲੀ ਸੂਚਨਾ ਰਿਪੋਰਟ ਨੂੰ ਕਹਿੰਦੇ ਹਨ।

35. ਭਾਰਤ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਹੈ ।

36. ਸਰਕਾਰ ਦੇ ਮੁੱਖ ਅੰਗ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਹਨ।

37. ਸੁਪਰੀਮ ਕੋਰਟ ਦੇ ਜੱਜ **65** ਸਾਲ ਅਤੇ ਹਾਈ ਕੋਰਟ ਦੇ ਜੱਜ **62** ਸਾਲ ਦੀ ਉਮਰ ਤੱਕ ਪਦਵੀ 'ਤੇ ਰਹਿੰਦੇ ਹਨ।

38.ਪੀ.ਆਈ.ਐੱਲ ਤੋਂ ਭਾਵ ਜਨਹਿੱਤ ਮੁਕੱਦਮਾ ਹੈ।

39. ਫੌਜਦਾਰੀ ਮੁਕੱਦਮਾ ਧਾਰਾ 134 ਅਧੀਨ ਦਰਜ ਹੁੰਦਾ ਹੈ।

40. ਸਮਾਜਿਕ, ਰਾਜਨੀਤਿਕ ਤੇ ਆਰਥਿਕ ਨਿਆਂ ਦੇਣ ਦਾ ਵਾਅਦਾ ਪ੍ਰਸਤਾਵਨਾ ਵਿੱਚ ਕੀਤਾ ਗਿਆ ਹੈ।

41. ਭਾਰਤੀ ਸੰਵਿਧਾਨ ਦੇ ਅਨੁਛੇਦ 19 ਤੋਂ 22 ਤੱਕ ਸੁਤੰਤਰਤਾ ਦਿੱਤੀ ਗਈ ਹੈ।

42. ਭਾਰਤ ਵਿੱਚ ਲਗਪਗ 3000 ਤੋਂ ਵੱਧ ਜਾਤੀਆਂ ਹਨ।

43. 1984 ਦਿੱਲੀ 'ਚ ਸਿੱਖਾਂ ਦਾ ਕਤਲੇਆਮ ਹੋਇਆ ।

44. ਭਾਰਤੀ ਸੰਵਿਧਾਨ ਨੇ 22 ਭਾਸ਼ਾਵਾਂ ਨੂੰ ਮਾਨਤਾ ਦਿੱਤੀ ਹੈ ।

45. ਮੰਡਲ ਕਮਿਸ਼ਨ ਦੀ ਸਥਾਪਨਾ 1979 ਵਿੱਚ ਕੀਤੀ ਗਈ।

46. ਮੰਡਲ ਕਮਿਸ਼ਨ ਨੇ ਭਾਰਤ 'ਚ 3743 ਅਨੁਸੂਚਿਤ ਜਾਤੀਆਂ- ਜਨਜਾਤੀਆਂ ਦੀ ਪਹਿਚਾਣ ਕੀਤੀ ਹੈ।

## ਸਹੀ/ਗਲ਼ਤ ਦਾ ਨਿਸ਼ਾਨ ਲਗਾਓ:-

1. ਸਾਧਨਾਂ ਦੀ ਸਾਂਭ ਸੰਭਾਲ ਅਤੇ ਵਰਤੋਂ ਸਬੰਧੀ ਨਿਯਮ ਬਣਾਉਣੇ ਚਾਹੀਦੇ ਹਨ। **(ਸਹੀ)**

2. ਜੀਵ ਜੰਤੂ ਅਤੇ ਪੌਦੇ ਜੀਵ ਸਾਧਨ ਅਖਵਾਉਂਦੇ ਹਨ। **(ਸਹੀ)**

3. ਲਿਗਨਾਈਟ ਕੋਲੇ ਦੀ ਸਭ ਤੋਂ ਵਧੀਆ ਕਿਸਮ ਹੁੰਦੀ ਹੈ। (**ਗਲਤ**)

4. ਪੈਟਰੋਲੀਅਮ ਕੱਚੇ ਤੇਲ ਦੇ ਰੂਪ ਵਿੱਚ ਪ੍ਰਾਪਤ ਹੁੰਦਾ ਹੈ। **(ਸਹੀ)**

5. ਸੈਂਟਰਲ ਆਫਤ ਪ੍ਰਬੰਧਨ ਅਥਾਰਟੀ ਨਵੀਂ ਦਿੱਲੀ ਵਿਖੇ ਸਥਿੱਤ ਹੈ।**(ਸਹੀ)**

6. ਬੰਬ ਧਮਾਕੇ, ਦਹਿਸ਼ਤੀ ਹਮਲੇ ਆਦਿ ਕੁਦਰਤੀ ਆਫਤਾਂ ਦੀ ਇੱਕ ਚੰਗੀ ਉਦਾਹਰਣ ਹੈ। (**ਗਲਤ**)

7. ਭਾਰਤ ਵਿੱਚ ਤੂਫ਼ਾਨ ਨੂੰ ਹਰੀਕੇਨ ਵੀ ਕਿਹਾ ਜਾਂਦਾ ਹੈ।(**ਗਲਤ**)

8. ਆਦਿਵਾਸੀ ਕਬੀਲਿਆਂ ਵਿੱਚੋਂ ਗੌਂਡ ਕਬੀਲੇ ਦੀ ਗਿਣਤੀ ਸਭ ਤੋਂ ਘੱਟ ਹੈ। **(ਗਲਤ)**

9. ਕਬਾਇਲੀ ਸਮਾਜ ਦੇ ਲੋਕਾਂ ਦੀ ਸਭ ਤੋਂ ਮੁੱਢਲੀ ਸਮਾਜਿਕ ਇਕਾਈ ਪਰਿਵਾਰ ਹੈ। **(ਸਹੀ)**

10. ਬਰਤਾਨਵੀ ਸ਼ਾਸਕਾਂ ਨੇ ਅਫੀਮ ਅਤੇ ਨੀਲ ਦੀ ਖੇਤੀ ਕਰਨ ਲਈ ਕਬਾਇਲੀ ਖੇਤਰਾਂ ਦੀ ਜ਼ਮੀਨ ਉੱਤੇ ਕਬਜ਼ਾ ਕਰ ਲਿਆ। **(ਸਹੀ)**

11. ਬਿਰਸਾ ਮੁੰਡਾ ਨੇ ਕਿਸਾਨਾਂ ਨੂੰ ਕਿਹਾ ਕਿ ਉਹ ਜ਼ਿੰਮੀਂਦਾਰਾਂ ਨੂੰ ਟੈਕਸ ਦੇ ਦੇਣ। **ਗਲਤ**

12. ਭਾਰਤੀ ਸ਼ਹਿਰਾਂ ਅਤੇ ਪਿੰਡਾਂ ਦੇ ਛੋਟੇ ਉਦਯੋਗਾਂ ਦੇ ਪਤਨ ਨਾਲ ਕਾਰੀਗਰ ਬੇਕਾਰ ਹੋ ਗਏ। **(ਸਹੀ)**

13. ਇੰਗਲੈਂਡ ਵਿੱਚ ਉਦਯੋਗਿਕ ਕ੍ਰਾਂਤੀ 19ਵੀਂ ਸਦੀ ਵਿੱਚ ਆਈ।**(ਗਲਤ)**

14. ਮਸ਼ੀਨਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਕੀਮਤ ਵੱਧ ਹੁੰਦੀ ਸੀ। **(ਗਲਤ)**

15. 18ਵੀਂ ਸਦੀ ਵਿੱਚ ਭਾਰਤ ਦਾ ਕੱਚਾ ਮਾਲ ਇੰਗਲੈਂਡ ਜਾਣ ਲੱਗਾ। **(ਸਹੀ)**

**16.** ਪ੍ਰਿੰਸ ਆਫ਼ ਵੇਲਜ਼ ਮਿਊਜ਼ੀਅਮ ਨੂੰ ਅੱਜਕਲ੍ਹ 'ਛਤਰਪਤੀ ਸ਼ਿਵਾਜੀ ਮਹਾਰਾਜ ਵਸਤੂ ਸੰਗ੍ਰਿਹਾਲਯ' ਵੀ ਕਿਹਾ ਜਾਂਦਾ ਹੈ। **(ਸਹੀ)**

**17.** ਮੈਰੀਨਾ ਬੀਚ (ਸਮੁੰਦਰੀ ਕਿਨਾਰਾ) 10 ਕਿਲੋਮੀਟਰ ਲੰਬਾ ਹੈ। **(ਗਲਤ)**

**18.** ਵਾਰ ਮੈਮੋਰੀਅਲ ਸੰਸਾਰ ਦੀ ਪਹਿਲੀ ਜੰਗ ਵਿੱਚ ਸ਼ਹੀਦ ਹੋਏ ਸੈਨਿਕਾਂ ਦੀ ਯਾਦ ਵਿੱਚ ਬਣਾਈ ਗਈ।**(ਸਹੀ)**

**19.**ਅੱਜਕਲ੍ਹ ਫੋਰਟ ਸੇਂਟ ਜਾਰਜ ਇਮਾਰਤ ਵਿੱਚ ਤਾਮਿਲਨਾਡੂ ਰਾਜ ਦੀ ਵਿਧਾਨ ਸਭਾ ਅਤੇ ਸਕੱਤਰੇਤ ਦੇ ਦਫ਼ਤਰ ਹਨ।**(ਸਹੀ)**

20. ਪ੍ਰਸਤਾਵਨਾ ਦਾ ਆਰੰਭ 'ਅਸੀਂ ਭਾਰਤ ਦੇ ਲੋਕ' ਸ਼ਬਦਾਂ ਨਾਲ ਹੁੰਦਾ ਹੈ। **(ਸਹੀ)**

21. ਪ੍ਰਸਤਾਵਨਾ ਵਿਚ ਸਮਾਨਤਾ ਸ਼ਬਦ ਦਰਜ ਨਹੀਂ ਕੀਤਾ ਗਿਆ। **(ਗਲਤ)**

22. ਸੰਵਿਧਾਨ ਅਨੁਸਾਰ ਧਰਮ, ਜਾਤ, ਰੰਗ, ਨਸਲ ਦੇ ਆਧਾਰ ਤੇ ਭੇਦਭਾਵ ਕੀਤਾ ਜਾ ਸਕਦਾ ਹੈ। **(ਗਲਤ)**

23. ਵੋਟ ਦਾ ਅਧਿਕਾਰ ਰਾਜਨੀਤਿਕ ਨਿਆਂ ਪ੍ਰਦਾਨ ਕਰਦਾ ਹੈ। **(ਸਹੀ)**

24. ਪ੍ਰਸਤਾਵਨਾ ਨੂੰ ਭਾਰਤੀ ਸੰਵਿਧਾਨ ਦੇ ਅੰਤ ਵਿੱਚ ਲਿਖਿਆ ਗਿਆ ਹੈ।**(ਗਲਤ)**

**25.** ਸੰਵਿਧਾਨ ਦੇ ਸਾਹਮਣੇ ਅਸੀਂ ਸਾਰੇ ਬਰਾਬਰ ਹਾਂ ।**(ਸਹੀ)**

**26.**.ਅਧਿਕਾਰ ਅਤੇ ਕਰਤੱਵਾਂ ਵਿਚਕਾਰ ਕੋਈ ਸੰਬੰਧ ਨਹੀਂ ਹੈ । **(ਗਲਤ)**

**27.** ਨਿਆਂਪਾਲਿਕਾ ਮੌਲਿਕ ਅਧਿਕਾਰਾਂ ਦੀ ਰੱਖਿਅਕ ਹੈ । **(ਸਹੀ)**

**28.** ਸਿੱਖਿਆ ਦਾ ਅਧਿਕਾਰ ਮੌਲਿਕ ਅਧਿਕਾਰ ਹੈ ।**(ਸਹੀ)**

**29.** ਨਿਆਂਪਾਲਿਕਾ ਨੂੰ ਸੰਵਿਧਾਨ ਦੀ ਰੱਖਿਅਕ ਕਿਹਾ ਜਾਂਦਾ ਹੈ ।**(ਸਹੀ)**

**30.** ਭਾਰਤ ਵਿੱਚ ਦੋਹਰੀ ਨਿਆਂਇਕ ਪ੍ਰਣਾਲੀ ਲਾਗੂ ਹੈ । **(ਗਲਤ)**

31. ਜ਼ਿਲ੍ਹਾ ਅਦਾਲਤਾਂ ਦੇ ਫ਼ੈਸਲਿਆਂ ਵਿਰੁੱਧ ਉੱਚ ਅਦਾਲਤਾਂ 'ਚ ਅਪੀਲ ਨਹੀਂ ਹੋ ਸਕਦੀ । **(ਗਲਤ)**

32. ਜੱਜਾਂ ਦੀ ਨਿਯੁਕਤੀ ਪ੍ਰਧਾਨ ਮੰਤਰੀ ਦੁਆਰਾ ਕੀਤੀ ਜਾਂਦੀ ਹੈ । **(ਗਲਤ)**

33.ਜ਼ਮੀਨ ਜਾਇਦਾਦ ਨਾਲ ਸੰਬੰਧਿਤ ਝਗੜਾ ਫੌਜਦਾਰੀ ਝਗੜਾ ਹੈ । **(ਗਲਤ)**

34. ਸਮਾਜਿਕ ਅਸਮਾਨਤਾਵਾਂ ਲੋਕਤੰਤਰੀ ਸਰਕਾਰ ਨੂੰ ਪ੍ਰਭਾਵਿਤ ਨਹੀਂ ਕਰਦੀਆਂ ਹਨ । **(ਗਲਤ)**

35. ਭਾਰਤ ਵਿੱਚ ਅੱਜ 54 % ਲੋਕ ਅਨਪੜ੍ਹ ਹਨ । **(ਗਲਤ)**

36. ਹਿੰਦੀ ਭਾਰਤ ਦੀ ਇੱਕੋ -ਇਕ ਰਾਸ਼ਟਰੀ ਭਾਸ਼ਾ ਹੈ । **(ਸਹੀ)**

37.ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਲਈ ਰਾਖਵਾਂਕਰਨ ਅੱਜ ਵੀ ਲਾਗੂ ਹੈ । **(ਸਹੀ)**

38. 73ਵੀਂ ਤੋਂ 74 ਵੀਂ ਸੋਧ ਪੇਂਡੂ ਅਤੇ ਸ਼ਹਿਰੀ ਸਥਾਨਕ ਸਵੈ-ਸ਼ਾਸਨ ਦਾ ਪ੍ਰਬੰਧ ਕਰਦੀ ਹੈ । **(ਸਹੀ)**

**39.** ਅੱਜ ਭਾਰਤੀ ਸਮਾਜ 'ਚੋਂ ਸਮਾਜਿਕ ਅਸਮਾਨਤਾਵਾਂ ਖ਼ਤਮ ਹੋ ਗਈਆਂ ਹਨ । **(ਗਲਤ)**

## ਇੱਕ ਅੰਕ ਵਾਲੇ ਪ੍ਰਸ਼ਨ

**1. ਸਾਧਨਾਂ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ:- ਅਜਿਹੇ ਕੁਦਰਤੀ ਜਾਂ ਮਨੁੱਖ ਦੁਆਰਾ ਬਣਾਏ ਗਏ ਅਰਥਵਾਨ ਪਦਾਰਥ ਜਿਹੜੇ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ, ਸਾਧਨ ਅਖਵਾਉਂਦੇ ਹਨ।

**2. ਕੁਦਰਤੀ ਸਾਧਨ ਕਿਹੜੇ ਹਨ ਅਤੇ ਇਹ ਸਾਨੂੰ ਕੌਣ ਪ੍ਰਦਾਨ ਕਰਦਾ ਹੈ?**

ਉੱਤਰ- ਕੁਦਰਤੀ ਸਾਧਨ ਕੁਦਰਤ ਦੁਆਰਾ ਮਨੁੱਖ ਨੂੰ ਪ੍ਰਦਾਨ ਕੀਤੇ ਗਏ ਹਨ। ਜਿਵੇਂ ਕਿ ਜੰਗਲ, ਦਰਿਆ, ਖਣਿਜ ਪਦਾਰਥ, ਸੂਰਜੀ ਸ਼ਕਤੀ ਅਤੇ ਸਮੁੰਦਰ ਆਦਿ।

**3. ਸਾਧਨਾਂ ਦੀਆਂ ਕਿਸਮਾਂ ਦੀ ਸੂਚੀ ਬਣਾਓ।**

ਉੱਤਰ- ਸਾਧਨਾਂ ਦੀਆਂ ਕਿਸਮਾਂ :- 1. ਜੀਵ ਅਤੇ ਨਿਰਜੀਵ ਸਾਧਨ 2. ਵਿਕਸਤ ਅਤੇ ਸੰਭਾਵਿਤ ਸਾਧਨ 3: ਮੁੱਕਣਯੋਗ ਅਤੇ ਨਾ - ਮੁੱਕਣਯੋਗ ਸਾਧਨ 4. ਮਿੱਟੀ ਅਤੇ ਭੂਮੀ ਸਾਧਨ 5. ਸਮੁੰਦਰੀ ਅਤੇ ਖਣਿਜ ਸਾਧਨ 6. ਮਨੁੱਖੀ ਸਾਧਨ

**4. ਮਿੱਟੀ ਦੀ ਪਰਿਭਾਸ਼ਾ ਲਿਖੋ ।**

ਉੱਤਰ- ਮਿੱਟੀ ਧਰਤੀ ਦੀ ਸਭ ਤੋਂ ਉੱਪਰਲੀ ਛੋਟੀ ਜਿਹੀ ਪਰਤ ਹੈ ਜਿਹੜੀ ਮੂਲ ਚੱਟਾਨਾਂ ਦੇ ਟੁੱਟਣ ਭੱਜਣ, ਜੀਵਾਂ ਅਤੇ ਰੁੱਖ ਬੂਟਿਆਂ ਦੇ ਗਲਣ-ਸੜਨ ਕਾਰਨ ਬਣਦੀ ਹੈ ।

**5. ਸਮੁੰਦਰਾਂ ਤੋਂ ਸਾਨੂੰ ਕੀ-ਕੀ ਪ੍ਰਾਪਤ ਹੁੰਦਾ ਹੈ?**

ਉੱਤਰ- ਸਮੁੰਦਰ ਸਾਨੂੰ ਬਹੁਤ ਵੱਡੀ ਮਾਤਰਾ ਵਿੱਚ ਮੱਛੀਆਂ, ਮੋਤੀ, ਘੋਗੇ, ਸਿੱਪੀਆਂ ਅਤੇ ਹੀਰੇ ਜਵਾਹਰਾਤ ਆਦਿ ਦਿੰਦੇ ਹਨ। ਕਈ ਥਾਵਾਂ 'ਤੇ ਸਮੁੰਦਰੀ ਤੱਟਾਂ ਤੋਂ ਪੈਟਰੋਲੀਅਮ ਪਦਾਰਥ ਵੀ ਪ੍ਰਾਪਤ ਹੁੰਦੇ ਹਨ।

**6. ਖਣਿਜ ਪਦਾਰਥਾਂ ਦੀ ਪਰਿਭਾਸਾ ਲਿਖੋ।**

ਉੱਤਰ: ਖਣਿਜ ਪਦਾਰਥ ਉਹ ਕੁਦਰਤੀ ਪਦਾਰਥ ਹਨ ਜਿਹੜੇ ਇੱਕ ਜਾਂ ਜ਼ਿਆਦਾ ਤੱਤਾਂ ਤੋਂ ਬਣੇ ਹੁੰਦੇ ਹਨ ਅਤੇ ਧਰਤੀ ਵਿੱਚੋਂ ਨਿਕਲਦੇ ਹਨ।

**7. ਭਾਰਤ ਵਿੱਚ ਕੱਚਾ ਲੋਹਾ ਕਿੱਥੇ-ਕਿੱਥੇ ਮਿਲਦਾ ਹੈ?**

ਉੱਤਰ: ਭਾਰਤ ਵਿੱਚ ਕੱਚਾ ਲੋਹਾ ਬਿਹਾਰ, ਉੜੀਸਾ, ਮੱਧ ਪ੍ਰਦੇਸ਼, ਗੋਆ, ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਝਾਰਖੰਡ ਅਤੇ ਤਾਮਿਲਨਾਡੂ ਆਦਿ ਵਿੱਚ ਮਿਲਦਾ ਹੈ।

**8. ਤਾਂਬੇ ਦੀ ਵਰਤੋਂ ਕਿੱਥੇ ਕਿੱਥੇ ਕੀਤੀ-ਜਾਂਦੀ ਹੈ?**

ਉੱਤਰ: ਤਾਂਬੇ ਦੀ ਵਰਤੋਂ ਭਾਂਡੇ, ਸਿੱਕੇ, ਬਿਜਲੀ ਦੀਆਂ ਤਾਰਾਂ ਅਤੇ ਹੋਰ ਬਿਜਲੀ ਉਪਕਰਣ ਬਣਾਉਣ ਵਿੱਚ ਕੀਤੀ ਜਾਂਦੀ ਹੈ।

**9. ਭਾਰਤ ਵਿੱਚ ਸੋਨੇ ਦੀਆਂ ਪ੍ਰਸਿੱਧ ਖਾਣਾਂ ਦੇ ਨਾਂ ਲਿਖੋ।**

ਉੱਤਰ: ਕੋਲਾਰ, ਹੱਟੀ (ਕਰਨਾਟਕ) ਰਾਮਗਿਰੀ (ਆਂਧਰਾ ਪ੍ਰਦੇਸ਼)

10. **ਕੋਲੇ ਦੀਆਂ ਚਾਰ ਕਿਸਮਾਂ ਦੇ ਨਾਮ ਲਿਖੋ**?

ਉੱਤਰ: 1. ਐਂਥਰੇਸਾਈਟ 2.ਬਿੱਟੂਮੀਨਸ 3. ਲਿਗਨਾਈਟ 4. ਪੀਟ

**11. ਬਹੁ -ਉਦੇਸ਼ੀ ਪ੍ਰੋਜੈਕਟ ਕੀ ਹੁੰਦੇ ਹਨ?**

ਉੱਤਰ:- ਡੈਮ ਜਾਂ ਪ੍ਰੋਜੈਕਟ ਜੋ ਬਿਜਲੀ ਤਿਆਰ ਕਰਨ ਲਈ ਲਗਾਏ ਜਾਂਦੇ ਹਨ ਉਨ੍ਹਾਂ ਨੂੰ ਬਹੁ -ਉਦੇਸ਼ੀ ਪ੍ਰੋਜੈਕਟ ਕਿਹਾ ਜਾਂਦਾ ਹੈ।

**12. ਕਿਸੇ ਵਪਾਰੀ ਵੱਲੋਂ ਆਪਣੇ ਰੋਜ਼ਾਨਾ ਕੰਮ-ਕਾਰ ਸੰਬੰਧੀ ਖੋਲ੍ਹੇ ਗਏ ਖਾਤੇ ਨੂੰ ਕੀ ਆਖਦੇ ਹਨ?**

ਉੱਤਰ:- ਚਲੰਤ ਖਾਤਾ

**13. ਬੈਂਕਾਂ ਵਿੱਚ ਸਭ ਤੋਂ ਵੱਧ ਲੋਕਪ੍ਰਿਅ ਖਾਤੇ ਕਿਹੜੀ ਕਿਸਮ ਦੇ ਖੋਲ੍ਹੇ ਗਏ ਹਨ?**

ਉੱਤਰ:- ਬੱਚਤ ਖਾਤਾ

**14. ਚਲੰਤ ਖਾਤੇ ਨਾਲੋਂ ਬੱਚਤ ਖਾਤਾ ਕਿਹੜੇ ਪੱਖੋਂ ਵੱਧ ਲਾਹੇਵੰਦ ਹੁੰਦਾ ਹੈ?**

ਉੱਤਰ:- ਚਲੰਤ ਖਾਤੇ ਵਿੱਚ ਜਮ੍ਹਾਂ ਰਾਸ਼ੀ ਉੱਤੇ ਬੈਂਕ ਵਿਆਜ ਨਹੀਂ ਦਿੰਦਾ ਪਰ ਬੱਚਤ ਖਾਤੇ ਵਿਚ ਬੈਂਕ ਵਿਆਜ ਅਦਾ ਕਰਦਾ ਹੈ।

**15. RTGS ਰਾਹੀਂ ਘੱਟੋ-ਘੱਟ ਕਿੰਨੀ ਰਕਮ ਅਦਾ ਕੀਤੀ ਜਾ ਸਕਦੀ ਹੈ?**

ਉੱਤਰ:- ਘੱਟੋ-ਘੱਟ ਦੋ ਲੱਖ

**16. NEFT ਰਾਹੀਂ ਲੈਣ-ਦੇਣ ਕਰਨ ਸਮੇਂ ਰਕਮ ਦੀ ਘੱਟੋ-ਘੱਟ ਜਾਂ ਵੱਧ ਤੋਂ ਵੱਧ ਸੀਮਾ ਕੀ ਹੈ?**

ਉੱਤਰ:- NEFT ਰਾਹੀਂ ਲੈਣ-ਦੇਣ ਕਰਨ ਸਮੇਂ ਰਕਮ ਦੀ ਕੋਈ ਘੱਟੋ-ਘੱਟ ਜਾਂ ਵੱਧ ਤੋਂ ਵੱਧ ਸੀਮਾ ਨਹੀਂ ਹੈ।

**17. ਇੰਟਰਨੈੱਟ ਬੈਂਕਿੰਗ ਦੇ ਹੋਰ ਨਾਮ ਕਿਹੜੇ ਹਨ?**

ਉੱਤਰ:- ਇੰਟਰਨੈੱਟ ਬੈਂਕਿੰਗ ਨੂੰ ਈ-ਬੈਂਕਿੰਗ, ਵੈੱਬ ਬੈਂਕਿੰਗ, ਵਰਚੂਅਲ ਬੈਂਕਿੰਗ ਆਦਿ ਹੋਰ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ।

**18. ਆਫ਼ਤ ਕਿਸਨੂੰ ਕਿਹਾ ਜਾਂਦਾ ਹੈ?**

ਉੱਤਰ- ਖਤਰੇ ਜਦੋਂ ਘਾਤਕ ਘਟਨਾਵਾਂ ਦਾ ਰੂਪ ਧਾਰਨ ਕਰ ਲੈਂਦੇ ਹਨ ਤਾਂ ਉਹਨਾਂ ਨੂੰ ਆਫ਼ਤਾਂ ਕਿਹਾ ਜਾਂਦਾ ਹੈ ।

**19. ਕੁਦਰਤੀ ਆਫ਼ਤਾਂ ਮੁੱਖ ਤੌਰ ਤੇ ਕਿਹੜੀਆਂ-ਕਿਹੜੀਆਂ ਹਨ?**

ਉੱਤਰ- 1. ਭੂਚਾਲ 2. ਜਵਾਲਾਮੁਖੀ ਕਿਰਿਆ 3. ਸੁਨਾਮੀ 4. ਹੜ੍ਹ 5. ਚੱਕਰਵਾਤ 6. ਭੂਮੀ ਦਾ ਖਿਸਕਣਾ 7. ਬਰਫ ਦੇ ਤੋਦਿਆਂ ਦਾ ਖਿਸਕਣਾ 8. ਸੋਕਾ

**20. ਭੂਚਾਲ ਤੋਂ ਤੁਹਾਡਾ ਕੀ ਭਾਵ ਹੈ ?**

ਉੱਤਰ- ਧਰਤੀ ਦੇ ਹਿੱਲਣ ਨੂੰ ਅਸੀਂ ਭੂਚਾਲ ਦਾ ਨਾਂ ਦਿੰਦੇ ਹਾਂ ।

**21. ਸੁਨਾਮੀ ਕਿਵੇਂ ਪੈਦਾ ਹੁੰਦੀ ਹੈ?**

ਉੱਤਰ- ਸੁਨਾਮੀ ਇੱਕ ਤਰ੍ਹਾਂ ਦੀ ਸਮੁੰਦਰੀ ਲਹਿਰ ਹੈ ਜੋ ਕਿ ਸਮੁੰਦਰ ਦੇ ਤਲ ਤੇ ਭੂਚਾਲ, ਜਵਾਲਾਮੁਖੀ ਅਤੇ ਧਰਤੀ ਦੇ ਖਿਸਕਣ ਆਦਿ ਤੋਂ ਪੈਦਾ ਹੁੰਦੀ ਹੈ।

**22. ਕਬਾਇਲੀ ਸਮਾਜ ਦੇ ਲੋਕ ਵੱਧ ਗਿਣਤੀ ਵਿੱਚ ਕਿਹੜੇ ਰਾਜਾਂ ਵਿੱਚ ਰਹਿੰਦੇ ਹਨ?**

ਉੱਤਰ- ਰਾਜਸਥਾਨ, ਗੁਜਰਾਤ, ਬਿਹਾਰ, ਉੜੀਸਾ ਅਤੇ ਮੱਧ ਪ੍ਰਦੇਸ਼ ।

**23. ਕਬਾਇਲੀ ਸਮਾਜ ਦੇ ਲੋਕਾਂ ਦੇ ਮੁੱਖ ਧੰਦੇ ਕਿਹੜੇ ਹਨ?**

ਉੱਤਰ- ਭੇਡਾਂ, ਬੱਕਰੀਆਂ ਅਤੇ ਪਾਲਤੂ ਪਸ਼ੂ ਪਾਲਣਾ, ਸ਼ਿਕਾਰ ਕਰਨਾ, ਭੋਜਨ ਇਕੱਠਾ ਕਰਨਾ, ਮੱਛੀਆਂ ਫੜ੍ਹਨਾ ਅਤੇ ਬਲਦਾਂ ਰਾਹੀਂ ਹਲ ਵਾਹੁਣਾ ਆਦਿ ।

**24. ਕਬਾਇਲੀ ਸਮਾਜ ਦੇ ਲੋਕਾਂ ਨੇ ਕਿਹੜੇ-ਕਿਹੜੇ ਰਾਜਾਂ ਵਿੱਚ ਅੰਗਰੇਜ਼ਾਂ ਵਿਰੁੱਧ ਵਿਦਰੋਹ ਕੀਤੇ ?**

ਉੱਤਰ- ਮੱਧ ਪ੍ਰਦੇਸ਼ ਵਿੱਚ ਭੀਲ ਲੋਕਾਂ ਨੇ, ਬਿਹਾਰ ਵਿੱਚ ਮੁੰਡਾ ਲੋਕਾਂ ਨੇ, ਉੜੀਸਾ ਵਿੱਚ ਗੌਂਡ ਲੋਕਾਂ ਨੇ ਅਤੇ ਮੇਘਾਲਿਆ ਵਿੱਚ ਖਾਸੀ ਲੋਕਾਂ ਨੇ  ਅਤੇ ਬੰਗਾਲ-ਬਿਹਾਰ ਵਿੱਚ ਸੰਥਾਲ ਲੋਕਾਂ ਨੇ।

**25. ਖਾਸੀ ਕਬੀਲੇ ਦਾ ਮੋਢੀ ਕੌਣ ਸੀ ?**

ਉੱਤਰ ਤੀਰੁਤ ਸਿੰਘ ।

**26. ਛੋਟੇ ਨਾਗਪੁਰ ਇਲਾਕੇ ਵਿੱਚ ਅੰਗਰੇਜ਼ਾਂ ਵਿਰੁੱਧ ਸਭ ਤੋਂ ਪਹਿਲਾਂ ਕਿਸ ਕਬੀਲੇ ਨੇ ਅਤੇ ਕਦੋਂ ਵਿਦਰੋਹ ਕੀਤਾ ?**

ਉੱਤਰ- ਕੋਲ  ਕਬੀਲੇ ਨੇ 1820 ਈਸਵੀ ਵਿੱਚ ।

**27.ਭਾਰਤ ਦੇ ਲਘੂ (ਛੋਟੇ) ਉਦਯੋਗਾਂ ਦੇ ਪਤਨ ਦੇ ਦੋ ਕਾਰਣ ਲਿਖੋ?**

ਉੱਤਰ:- (1) ਲਘੂ ਉਦਯੋਗਾਂ ਦੁਆਰਾ ਤਿਆਰ ਵਸਤਾਂ ਦਾ ਮੁੱਲ ਵੱਧ ਹੋਣਾ

(2) ਭਾਰਤ ਤੋਂ ਕੱਚਾ ਮਾਲ ਇੰਗਲੈਂਡ ਭੇਜਣਾ।

**28. ਭਾਰਤ ਦੇ ਲਘੂ ਉਦਯੋਗਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਕੀਮਤ ਕਿਉਂ ਵੱਧ ਹੁੰਦੀ ਸੀ?**

ਉੱਤਰ:- ਭਾਰਤ ਦੇ ਲਘੂ ਉਦਯੋਗਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਕੀਮਤ ਵੱਧ ਹੁੰਦੀ ਸੀ ਕਿਉਂਕਿ ਉਹਨਾਂ ਨੂੰ ਤਿਆਰ ਕਰਨ ਲਈ ਵੱਧ ਮਿਹਨਤ ਕਰਨੀ ਪੈਂਦੀ ਸੀ।

**29. ਭਾਰਤ ਵਿੱਚ ਸੂਤੀ ਕੱਪੜੇ ਦਾ ਪਹਿਲਾ ਉਦਯੋਗ ਕਦੋਂ ਅਤੇ ਕਿੱਥੇ ਲਗਾਇਆ ਗਿਆ?**

ਉੱਤਰ:- 1853 ਈ: ਵਿੱਚ (ਮੁੰਬਈ) ਬੰਬਈ ਵਿੱਚ।

**30. ਭਾਰਤ ਵਿੱਚ ਪਹਿਲਾ ਪਟਸਨ ਉਦਯੋਗ ਕਦੋਂ ਅਤੇ ਕਿੱਥੇ ਲਗਾਇਆ ਗਿਆ?**

ਉੱਤਰ:- 1854 ਈ: ਵਿੱਚ ਸੈਰਮਪੁਰ (ਬੰਗਾਲ) ਵਿੱਚ।

**31. ਭਾਰਤ ਵਿੱਚ ਕੌਫ਼ੀ ਦਾ ਪਹਿਲਾ ਬਾਗ ਕਦੋਂ ਅਤੇ ਕਿੱਥੇ ਲਗਾਇਆ ਗਿਆ?**

ਉੱਤਰ:- 1840 ਈ: ਵਿੱਚ ਦੱਖਣੀ ਭਾਰਤ ਵਿੱਚ।

**32. ਚਾਹ ਦਾ ਪਹਿਲਾ ਬਾਗ ਕਦੋਂ ਅਤੇ ਕਿੱਥੇ ਲਗਾਇਆ ਗਿਆ?**

ਉੱਤਰ:- 1852 ਈ: ਵਿੱਚ ਆਸਾਮ ਵਿੱਚ।

**33. ਬਸਤੀਵਾਦ ਤੋਂ ਕੀ ਭਾਵ ਹੈ?**

ਉੱਤਰ:- ਬਸਤੀਵਾਦ ਦਾ ਭਾਵ- ਅਰਥ ਹੈ ਕਿਸੇ ਦੇਸ਼ ਉੱਤੇ ਦੂਜੇ ਦੇਸ਼ ਜਾਂ ਦੇਸ਼ਾਂ ਦੁਆਰਾ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਤੌਰ 'ਤੇ ਅਧਿਕਾਰ ਕਰਨਾ।

**34. ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਹੋਣ ਨਾਲ ਕਿਹੜੇ ਨਵੇਂ ਕਸਬੇ ਹੋਂਦ ਵਿੱਚ ਆਏ?**

ਉੱਤਰ:- ਬੰਬਈ, ਕਲਕੱਤਾ ਅਤੇ ਮਦਰਾਸ, ਆਦਿ।

**35. ਮਦਰਾਸ ਸ਼ਹਿਰ ਵਿੱਚ ਵੇਖਣ ਯੋਗ ਅਸਥਾਨ ਕਿਹੜੇ ਹਨ?**

ਉੱਤਰ:- ਗਿਰਜਾ-ਘਰ, ਭਵਨ, ਸਮਾਰਕ, ਸੁੰਦਰ ਮੰਦਰ, ਮਦਰਾਸ ਹਾਈ ਕੋਰਟ ਅਤੇ ਸਮੁੰਦਰੀ ਤੱਟ ।

**36. ਬੰਬਈ (ਮੁੰਬਈ) ਸ਼ਹਿਰ ਵਿੱਚ ਵੇਖਣ ਯੋਗ ਸਥਾਨਾਂ ਦੇ ਨਾਂ ਲਿਖੋ?**

ਉੱਤਰ:- ਜੂਹੂ ਬੀਚ, ਚੌਪਾਟੀ, ਕੋਲਾਬਾ, ਮਾਲਾਬਾਰ ਹਿਲ, ਜਹਾਂਗੀਰੀ ਆਰਟ ਗੈਲਰੀ, ਅਜਾਇਬ ਘਰ, ਬੰਬਈ ਯੂਨੀਵਰਸਿਟੀ, ਮਹਾਂਲਕਸ਼ਮੀ ਮੰਦਰ, ਵਿਕਟੋਰੀਆ ਬਾਗ, ਕਮਲਾ ਨਹਿਰੂ ਪਾਰਕ ਆਦਿ ।

**37. ਅੰਗਰੇਜ਼ਾਂ ਨੇ ਭਾਰਤ ਵਿੱਚ ਆਪਣੀ ਪਹਿਲੀ ਵਪਾਰਕ ਫ਼ੈਕਟਰੀ ਕਦੋਂ ਅਤੇ ਕਿੱਥੇ ਸਥਾਪਿਤ ਕੀਤੀ?**

ਉੱਤਰ:- 1695 ਈ. ਵਿੱਚ ਅੰਗਰੇਜ਼ਾਂ ਨੇ ਕਲਕੱਤਾ ਵਿੱਚ ਆਪਣੀ ਪਹਿਲੀ ਵਪਾਰਕ ਫੈਕਟਰੀ ਸਥਾਪਤ ਕੀਤੀ।

**38. ਅੰਗਰੇਜ਼ੀ ਰਾਜ ਸਮੇਂ ਭਾਰਤ ਵਿੱਚ ਸਭ ਤੋਂ ਪਹਿਲਾਂ ਕਿਹੜੇ ਤਿੰਨ ਸ਼ਹਿਰਾਂ ਵਿੱਚ ਨਗਰਪਾਲਿਕਾਵਾਂ ਸਥਾਪਿਤ ਕੀਤੀਆਂ ਗਈਆਂ?**

ਉੱਤਰ:- ਬੰਬਈ, ਕਲਕੱਤਾ ਅਤੇ ਮਦਰਾਸ।

**39. ਭਾਰਤ ਵਿੱਚ ਸਰਵਜਨਕ ਕਾਰਜ ਨਿਰਮਾਣ ਦੀ ਸਥਾਪਨਾ ਕਿਸ ਅੰਗਰੇਜ਼ ਅਫ਼ਸਰ ਨੇ ਕੀਤੀ ਸੀ?**

ਉੱਤਰ:- ਲਾਰਡ ਡਲਹੌਜ਼ੀ ਨੇ ।

**40. ਅੰਗਰੇਜ਼ੀ ਰਾਜ ਸਮੇਂ ਭਾਰਤ ਵਿੱਚ ਪੁਲਿਸ ਦਾ ਪ੍ਰਬੰਧ ਕਿਸ ਗਵਰਨਰ ਜਨਰਲ ਨੇ ਸ਼ੁਰੂ ਕੀਤਾ ਸੀ?**

ਉੱਤਰ:- ਲਾਰਡ ਕਾਰਨਵਾਲਿਸ ਨੇ।

**41. ਭਾਰਤ ਵਿੱਚ ਪਹਿਲੀ ਰੇਲਵੇ ਲਾਈਨ ਕਿਸ ਦੁਆਰਾ, ਕਦੋਂ ਅਤੇ ਕਿੱਥੇ ਤੋਂ ਕਿੱਥੇ ਤੱਕ ਬਣਾਈ ਗਈ?**

ਉੱਤਰ:- ਲਾਰਡ ਡਲਹੌਜ਼ੀ ਦੇ ਸਮੇਂ 1853 ਈ. ਵਿੱਚ ਪਹਿਲੀ ਰੇਲਵੇ ਲਾਈਨ ਬੰਬਈ ਤੋਂ ਥਾਨਾ ਸ਼ਹਿਰ ਤੱਕ ਬਣਵਾਈ ਗਈ।

**42. ਆਨੰਦ ਮੱਠ ਨਾਵਲ ਕਿਸ ਨੇ ਲਿਖਿਆ ਸੀ?**

ਉੱਤਰ:- ਬੰਕਿਮ ਚੰਦਰ ਚੈਟਰਜ਼ੀ

**43 . ਭਾਰਤ ਵਿੱਚ ਸਭ ਤੋਂ ਪਹਿਲਾ ਛਾਪਾਖਾਨਾ ਕਦੋਂ ਅਤੇ ਕਿਸ ਦੁਆਰਾ ਸ਼ੁਰੂ ਕੀਤਾ ਗਿਆ ਸੀ?**

ਉੱਤਰ :- ਪੁਰਤਗਾਲੀਆਂ ਦੁਆਰਾ 1557 ਈ.।

**44. ਬਾਲ ਗੰਗਾਧਰ ਤਿਲਕ ਨੇ ਕਿਹੜੇ ਦੋ ਅਖਬਾਰ ਛਾਪਣੇ ਸ਼ੁਰੂ ਕੀਤੇ ਸਨ?**

ਉੱਤਰ :- ਬਾਲ ਗੰਗਾਧਰ ਤਿਲਕ ਨੇ **ਮਰਾਠੀ ਭਾਸ਼ਾ ਵਿੱਚ 'ਕੇਸਰੀ' ਅਤੇ ਅੰਗਰੇਜ਼ੀ ਭਾਸ਼ਾ ਵਿੱਚ 'ਮਰਾਠਾ`** ਨਾਂ ਦਾ ਅਖਬਾਰ ਛਾਪਣਾ ਸ਼ੁਰੂ ਕੀਤਾ।

45. **ਬੜੌਦਾ ਯੂਨੀਵਰਸਿਟੀ ਦੇ ਆਰਟ ਸਕੂਲ ਦੇ ਪ੍ਰਸਿੱਧ ਚਿੱਤਰਕਾਰਾਂ ਦੇ ਨਾਂ ਲਿਖੋ।**

ਉੱਤਰ:- ਜੀ.ਆਰ. ਸੰਤੋਸ਼, ਗੁਲਾਮ ਸ਼ੇਖ ਅਤੇ ਸ਼ਾਂਤੀ **ਦੇਵ ਆਦਿ ਬੜੌਦਾ ਯੂਨੀਵਰਸਿਟੀ ਦੇ ਆਰਟ ਸਕੂਲ ਦੇ ਪ੍ਰਸਿੱਧ ਚਿੱਤਰਕਾਰ ਸਨ।**

**46. ਮਦਰਾਸ ਕਲਾ ਸਕੂਲ ਦੇ ਪ੍ਰਸਿੱਧ ਕਲਾਕਾਰ ਦੇ ਨਾਂ ਲਿਖੋ।**

ਉੱਤਰ:- ਡੀ.ਆਰ. ਚੌਧਰੀ, ਕੇ.ਸੀ.ਐਸ.ਪਾਨੀਕਰ, ਸਤੀਸ਼ ਗੁਜ਼ਰਾਲ, ਰਾਮ ਕੁਮਾਰ ਅਤੇ ਕੇ.ਜੀ.ਸੁਬਰਾਮਨੀਅਮ ਮਦਰਾਸ ਕਲਾ ਸਕੂਲ ਦੇ ਪ੍ਰਸਿੱਧ ਕਲਾਕਾਰ ਸਨ।

**47. ਧਰਮ- ਨਿਰਪੱਖਤਾ ਸ਼ਬਦ ਦਾ ਅਰਥ ਲਿਖੋ।**

ਉੱਤਰ- ਧਰਮ ਨਿਰਪੱਖਤਾ ਦਾ ਭਾਵ ਸਾਰੇ ਧਰਮਾਂ ਨੂੰ ਬਰਾਬਰ ਸਮਝਣਾ ਹੈ।

**48. ਧਰਮ ਨਿਰਪੱਖਤਾ ਦੀ ਕੋਈ ਉਦਾਹਰਣ ਦਿਓ।**

ਉੱਤਰ- ਧਰਮ ਨਿਰਪੱਖਤਾ ਦੀ ਵੱਡੀ ਉਦਾਹਰਨ ਇਹ ਹੈ ਕਿ ਸਾਡੇ ਦੇਸ਼ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵੱਖ-ਵੱਖ ਧਰਮਾਂ ਦੇ ਰਹੇ ਹਨ। ਇਸੇ ਤਰ੍ਹਾਂ ਹੀ ਹੋਰ ਸੰਵਿਧਾਨਕ ਅਹੁਦਿਆਂ 'ਤੇ ਵੀ ਸਾਰੇ ਧਰਮਾਂ ਦੇ ਲੋਕ ਰਹੇ ਹਨ।

**49. ਸੰਵਿਧਾਨ ਵਿੱਚ ਸ਼ਾਮਲ ਆਦਰਸ਼ਾਂ ਤੋਂ ਕੀ ਭਾਵ ਹੈ?**

ਉੱਤਰ- ਭਾਰਤੀ ਸੰਵਿਧਾਨ ਵਿੱਚ ਸ਼ਾਮਿਲ ਰਾਜ ਦੇ ਆਦਰਸ਼ ਸੰਪੂਰਨ ਪ੍ਰਭੂਸੱਤਾ ਸੰਪੰਨ, ਧਰਮ-ਨਿਰਪੱਖਤਾ, ਸਭ ਨੂੰ ਬਰਾਬਰ ਨਿਆਂ, ਸੁਤੰਤਰਤਾ, ਸਮਾਨਤਾ, ਭਾਈਚਾਰਾ, ਰਾਸ਼ਟਰ ਦੀ ਏਕਤਾ ਅਤੇ ਅਖੰਡਤਾ, ਗਣਰਾਜ ਆਦਿ ਸ਼ਾਮਿਲ ਕੀਤੇ ਗਏ ਹਨ। ਇਨ੍ਹਾਂ ਆਦਰਸ਼ਾਂ ਨੂੰ ਕਾਨੂੰਨੀ ਰੂਪ ਦਿੱਤਾ ਗਿਆ ਹੈ।

**50. ਪ੍ਰਸਤਾਵਨਾ ਵਿਚ ਦਰਜ਼ ਆਦਰਸ਼ਾਂ ਨੂੰ ਕਿਵੇ ਪੂਰਾ ਕੀਤਾ ਗਿਆ ਹੈ?**

ਉੱਤਰ- ਪ੍ਰਸਤਾਵਨਾ ਵਿਚ ਇਨ੍ਹਾਂ ਆਦਰਸ਼ਾਂ ਦੀ ਪ੍ਰਾਪਤੀ ਲਈ ਵੱਖ-ਵੱਖ ਕਾਨੂੰਨ ਬਣਾਏ ਗਏ ਹਨ।

**51. ਪ੍ਰਸਤਾਵਨਾ ਕੀ ਹੈ?**

ਉੱਤਰ- ਪ੍ਰਸਤਾਵਨਾ ਇਕ ਅਜਿਹਾ ਦਸਤਾਵੇਜ਼ ਹੁੰਦਾ ਹੈ ਜਿਸ ਵਿਚ ਸੰਵਿਧਾਨ ਦੇ ਮੁੱਖ ਉਦੇਸ਼, ਇਸਦੇ ਮੌਲਿਕ ਸਿਧਾਂਤਾਂ ਅਤੇ ਆਦਰਸ਼ਾਂ ਆਦਿ ਦਾ ਵਰਣਨ ਕੀਤਾ ਜਾਂਦਾ ਹੈ।

**52. ਅਧਿਕਾਰਾਂ ਤੋਂ ਕੀ ਭਾਵ ਹੈ** ?

ਉੱਤਰ- ਮਨੁੱਖੀ ਵਿਕਾਸ ਲਈ ਜ਼ਰੂਰੀ/ਜਾਇਜ਼ ਮੰਗਾਂ ਨੂੰ ਅਧਿਕਾਰ ਕਿਹਾ ਜਾਂਦਾ ਹੈ। ਮੁੱਢਲੇ ਅਧਿਕਾਰ ਉਹ ਹਨ, ਜੋ ਵਿਅਕਤੀ ਦੇ ਸਰੀਰਕ, ਮਾਨਸਿਕ, ਨੈਤਿਕ, ਸੱਭਿਆਚਾਰਕ ਭਾਵ ਉਸ ਦੇ ਸਰਵਪੱਖੀ ਵਿਕਾਸ ਲਈ ਜ਼ਰੂਰੀ ਹਨ।

**53. ਮੁੱਢਲੇ ਅਧਿਕਾਰ ਦੇ ਸ਼ਬਦੀ ਅਰਥ ਲਿਖੋ।**

ਉੱਤਰ– ਮੁੱਢਲੇ ਅਧਿਕਾਰ ਉਹ ਹਨ, ਜੋ ਵਿਅਕਤੀ ਦੇ ਸਰੀਰਕ, ਮਾਨਸਿਕ, ਨੈਤਿਕ, ਸੱਭਿਆਚਾਰਕ ਭਾਵ ਉਸ ਦੇ ਬਹੁਪੱਖੀ ਵਿਕਾਸ ਲਈ ਜ਼ਰੂਰੀ ਹਨ।

**54. ਕਿਸੇ ਦੋ ਅਧਿਕਾਰਾਂ ਨਾਲ ਸਬੰਧਿਤ ਦੋ ਫਰਜ਼ ਲਿਖੋ।**

ਉੱਤਰ- 1. ਸਮਾਨਤਾ ਦੇ ਅਧਿਕਾਰ ਤਹਿਤ ਸਾਡਾ ਇਹ ਫ਼ਰਜ਼ ਹੈ ਕਿ ਅਸੀਂ ਕਿਸੇ ਨਾਲ ਵਿਤਕਰਾ ਨਾ ਕਰੀਏ।

2. ਸੁਤੰਤਰਤਾ ਦੇ ਅਧਿਕਾਰ ਤਹਿਤ ਸਾਡਾ ਇਹ ਫਰਜ਼ ਹੈ ਕਿ ਅਸੀਂ ਦੂਸਰਿਆਂ ਦੀਆਂ ਸੁਤੰਤਰਤਾਵਾਂ ਦਾ ਵੀ ਖਿਆਲ ਰੱਖੀਏ।

**55. ਸੰਵਿਧਾਨਿਕ ਉਪਚਾਰਾਂ ਦੇ ਅਧਿਕਾਰ ਤੋਂ ਕੀ ਭਾਵ ਹੈ** ?

ਉੱਤਰ-ਇਸ ਅਧਿਕਾਰ ਤਹਿਤ ਜੇਕਰ ਸਾਡੇ ਕਿਸੇ ਅਧਿਕਾਰ ਦੀ ਉਲੰਘਣਾ ਹੁੰਦੀ ਹੈ ਤਾਂ ਅਸੀਂ ਨਿਆਂਪਾਲਿਕਾ ਦੀ ਸ਼ਰਨ ਲੈ ਸਕਦੇ ਹਾਂ।

**56. ਛੂਤ ਛਾਤ ਦੀ ਸਮਾਪਤੀ ਕਿਹੜੇ ਅਨੁਛੇਦ ਰਾਹੀਂ ਹੋਈ** ?

ਉੱਤਰ- ਅਨੁਛੇਦ- 17

**57. ਨਿਆਂਪਾਲਿਕਾ ਕਿਸ ਨੂੰ ਕਹਿੰਦੇ ਹਨ** ?

ਉੱਤਰ- ਅਦਾਲਤਾਂ, ਜੋ ਕਾਨੂੰਨ ਅਨੁਸਾਰ ਨਿਆਂ (ਇਨਸਾਫ਼) ਕਰਦੀਆਂ ਹਨ, ਨੂੰ ਨਿਆਂਪਾਲਿਕਾ ਕਹਿੰਦੇ ਹਨ।

**58. ਭਾਰਤ ਦੀ ਸਭ ਤੋਂ ਵੱਡੀ ਅਦਾਲਤ ਕਿਹੜੀ ਹੈ ਅਤੇ ਇਹ ਕਿੱਥੇ ਸਥਿੱਤ ਹੈ** ?

ਉੱਤਰ- ਭਾਰਤ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ( ਸਰਵ-ਉੱਚ ਅਦਾਲਤ) ਨਵੀਂ ਦਿੱਲੀ ਵਿਖੇ ਸਥਿੱਤ ਹੈ।

**59. ਮੁੱਖ ਮੁਕੱਦਮੇ ਕਿਹੜੇ ਹੁੰਦੇ ਹਨ** ?

ਉੱਤਰ- ਮੁੱਖ ਮੁਕੱਦਮੇ ਦੋ ਤਰ੍ਹਾਂ ਦੇ ਹੁੰਦੇ ਹਨ:- 1. ਸਿਵਿਲ ਜਾਂ ਦੀਵਾਨੀ 2. ਫ਼ੌਜਦਾਰੀ

**60. ਸਿਵਿਲ ਮੁਕੱਦਮਾ ਕੀ ਹੈ** ?

ਉੱਤਰ- ਸਿਵਿਲ ਮੁਕੱਦਮੇ ਆਮ ਲੋਕਾਂ ਨਾਲ ਸੰਬੰਧਿਤ ਹੁੰਦੇ ਹਨ। ਉਹ ਮੁਕੱਦਮੇ ਜਿਨ੍ਹਾਂ ਦਾ ਸੰਬੰਧ ਨਿੱਜੀ ਜ਼ਿੰਦਗੀ ਨਾਲ ਹੁੰਦਾ ਹੈ, ਜਿਵੇਂ ਮੌਲਿਕ ਅਧਿਕਾਰ, ਵਿਆਹ ਤਲਾਕ, ਜਾਇਦਾਦ ਅਤੇ ਜ਼ਮੀਨੀ ਝਗੜੇ ਆਦਿ।

**61. ਸਰਕਾਰੀ ਵਕੀਲ ਕੌਣ ਹੁੰਦੇ ਹਨ** ?

ਉੱਤਰ- ਜਿਹੜੇ ਵਕੀਲ ਸਰਕਾਰ ਦੇ ਹੱਕ ਵਿੱਚ ਕੇਸ ਲੜਦੇ ਹਨ, ਉਨ੍ਹਾਂ ਨੂੰ ਸਰਕਾਰੀ ਵਕੀਲ ਕਿਹਾ ਜਾਂਦਾ ਹੈ।

**62. ਜਨਹਿੱਤ ਮੁਕੱਦਮਾ** (P.I.L.- Public Interest Litigation) **ਕੀ ਹੈ**?

ਉੱਤਰ- ਆਮ ਜਨਤਾ ਦੇ ਸਾਂਝੇ ਹਿੱਤ ਲਈ ਜਦੋਂ ਕੋਈ ਮੁਕੱਦਮਾ ਦਾਇਰ ਕੀਤਾ ਜਾਂਦਾ ਹੈ, ਤਾਂ ਉਹ ਜਨਹਿੱਤ ਮੁਕੱਦਮਾ ਹੁੰਦਾ ਹੈ।

**63. ਐੱਫ.ਆਈ.ਆਰ ਕੀ ਹੈ** ?

ਉੱਤਰ ਐੱਫ.ਆਈ.ਆਰ (**F.I.R. = First Information Report**) ਪਹਿਲੀ ਸੂਚਨਾ ਰਿਪੋਰਟ ਹੈ। ਕਿਸੇ ਵੀ ਦੁਰਘਟਨਾ ਦੀ ਸੂਚਨਾ ਨੇੜੇ ਦੇ ਪੁਲਿਸ ਕੇਂਦਰ ਨੂੰ ਦੇਣੀ ਹੁੰਦੀ ਹੈ।

**64.ਸਮਾਜਿਕ ਅਸਮਾਨਤਾ ਤੋਂ ਤੁਸੀਂ ਕੀ ਸਮਝਦੇ ਹੋ**?

ਉੱਤਰ- ਸਮਾਜਿਕ ਅਸਮਾਨਤਾ ਤੋਂ ਭਾਵ ਹੈ ਕਿ ਸਮਾਜ ਦਾ ਵੱਖ-ਵੱਖ ਜਾਤਾਂ, ਧਰਮਾਂ ਅਤੇ ਨਸਲਾਂ ਆਦਿ ਦੇ ਆਧਾਰ 'ਤੇ ਵੱਖ ਵੱਖ ਵਰਗਾਂ ਵਿੱਚ ਵੰਡੇ ਹੋਣਾ।

**65. ਜਾਤੀਵਾਦ ਅਤੇ ਛੂਤ ਛਾਤ ਤੋਂ ਕੀ ਭਾਵ ਹੈ** ?

ਉੱਤਰ- ਜਾਤੀਵਾਦ ਤੋਂ ਭਾਵ ਹੈ ਕਿ ਜਾਤੀ ਦੇ ਆਧਾਰ 'ਤੇ ਕਿਸੇ ਨਾਲ ਭੇਦਭਾਵ ਕਰਨਾ।

ਛੂਤ-ਛਾਤ ਤੋਂ ਭਾਵ ਹੈ ਕਿ ਅਜਿਹੀ ਪ੍ਰਥਾ ਜਿਸ ਅਨੁਸਾਰ ਨੀਵੀਂ ਜਾਤੀ ਦੇ ਮਨੁੱਖਾਂ ਨੂੰ ਛੂਹਣਾ ਪਾਪ ਸਮਝਿਆ ਜਾਂਦਾ ਸੀ।

**66. ਅਨਪੜ੍ਹਤਾ ਕਿਸ ਨੂੰ ਕਹਿੰਦੇ ਹਨ?**

ਉੱਤਰ:- ਉਹ ਵਿਅਕਤੀ ਜੋ ਪੜ੍ਹ ਅਤੇ ਲਿਖ ਨਹੀਂ ਸਕਦਾ ਹੈ।

**67. ਭਾਸ਼ਾਵਾਦ ਤੋਂ ਕੀ ਭਾਵ ਹੈ**?

ਉੱਤਰ- ਭਾਸ਼ਾਵਾਦ ਤੋਂ ਭਾਵ ਹੈ ਆਪਣੀ ਭਾਸ਼ਾ ਨੂੰ ਵਧੀਆ ਅਤੇ ਦੂਸਰੇ ਵਿਅਕਤੀ ਦੀ ਭਾਸ਼ਾ ਨੂੰ ਬੁਰਾ ਸਮਝਣਾ ਅਤੇ ਭੇਦਭਾਵ ਕਰਨਾ।

**68. ਰਾਖਵੇਂਕਰਨ ਦਾ ਕੀ ਅਰਥ ਹੈ**?

ਉੱਤਰ- ਰਾਖਵੇਂਕਰਨ ਦਾ ਅਰਥ ਹੈ ਕਿ ਅਨੁਸੂਚਿਤ ਜਾਤੀਆਂ, ਜਨਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਲੋਕ ਸਭਾ, ਰਾਜ ਵਿਧਾਨ ਸਭਾਵਾਂ ਅਤੇ ਸਰਕਾਰੀ ਨੌਕਰੀਆਂ ਵਿੱਚ ਸੀਟਾਂ ਰਾਖਵੀਆਂ ਰੱਖੇ ਜਾਣ ਦੀ ਵਿਵਸਥਾ ਕਰਨੀ।

**69 ਅਨਪੜ੍ਹਤਾ ਦਾ ਲੋਕਤੰਤਰ 'ਤੇ ਕੀ ਪ੍ਰਭਾਵ ਪੈਂਦਾ ਹੈ**?

ਉੱਤਰ- ਅਨਪੜ੍ਹ ਵਿਅਕਤੀ ਧਰਮ ਅਤੇ ਜਾਤੀ ਆਦਿ ਦੇ ਆਧਾਰ 'ਤੇ ਜਲਦੀ ਗੁੰਮਰਾਹ ਹੋ ਜਾਂਦਾ ਹੈ। ਅਨਪੜ੍ਹ ਵਿਅਕਤੀ ਆਪਣੇ ਵੋਟ ਦੇ ਅਧਿਕਾਰ ਦੀ ਉਚਿੱਤ ਵਰਤੋਂ ਨਹੀਂ ਕਰ ਸਕਦਾ।

## ਦੋ ਅੰਕਾਂ ਵਾਲੇ ਪ੍ਰਸ਼ਨ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਤੋਂ 50 ਸ਼ਬਦਾਂ ਵਿੱਚ ਦਿਓ)

**1. ਸਾਧਨਾਂ ਦੀ ਸਹੀ ਸਾਂਭ ਸੰਭਾਲ ਕਿਵੇਂ ਹੋ ਸਕਦੀ ਹੈ?**

ਉੱਤਰ- 1.ਵਰਤੋਂ ਸਮੇਂ ਇਨ੍ਹਾਂ ਨੂੰ ਵਿਅਰਥ ਨਾ ਜਾਣ ਦਿੱਤਾ ਜਾਵੇ। 2. ਦੁਬਾਰਾ ਵਰਤੇ ਜਾ ਸਕਣ ਵਾਲੇ ਸਾਧਨਾਂ ਨੂੰ ਮੁੜ ਵਰਤੋਂ ਵਿਚ ਲਿਆਂਦਾ ਜਾਵੇ। 3. ਇਨ੍ਹਾਂ ਦੀ ਵਰਤੋਂ ਸੰਬੰਧੀ ਨਿਯਮ ਬਣਾਏ ਜਾਣ। 4. ਲੋਕਾਂ ਵਿੱਚ ਸਾਧਨਾਂ ਦੀ ਸਾਂਭ ਸੰਭਾਲ ਬਾਰੇ ਜਾਗ੍ਰਿਤੀ ਪੈਦਾ ਕੀਤੀ ਜਾਵੇ।

**2. ਜੀਵ ਅਤੇ ਨਿਰਜੀਵ ਸਾਧਨਾਂ ਵਿੱਚ ਅੰਤਰ ਸਪੱਸ਼ਟ ਕਰੋ।**

ਉੱਤਰ: ਜੀਵ ਸਾਧਨ ਉਹ ਮੁੱਢਲੇ ਸਾਧਨ ਹਨ ਜਿਹੜੇ ਕਿ ਜਾਨਦਾਰ ਵਸਤਾਂ ਤੋਂ ਉਤਪੰਨ ਹੁੰਦੇ ਹਨ। ਜੀਵ ਜੰਤੂ ਅਤੇ ਪੌਦੇ ਜੀਵ ਸਾਧਨ ਅਖਵਾਉਂਦੇ ਹਨ।ਕੁਦਰਤ ਤੋਂ ਮਿਲਣ ਵਾਲੀਆਂ ਨਿਰਜੀਵ ਵਸਤੂਆਂ ਜਿਵੇਂ ਕਿ ਖਣਿਜ ਪਦਾਰਥ, ਸੂਰਜ ਅਤੇ ਪਾਣੀ ਆਦਿ ਨਿਰਜੀਵ ਸਾਧਨ ਅਖਵਾਉਂਦੇ ਹਨ।

**3. ਖਣਿਜ ਪਦਾਰਥ ਸਾਨੂੰ ਕਿਥੋਂ ਪ੍ਰਾਪਤ ਹੁੰਦੇ ਹਨ ਅਤੇ ਇਨ੍ਹਾਂ ਦੀ ਵਰਤੋਂ ਕਿੱਥੇ ਕੀਤੀ ਜਾਂਦੀ ਹੈ?**

ਉੱਤਰ ਖਣਿਜ ਸਾਧਨ ਧਰਤੀ ਵਿੱਚੋਂ ਮਿਲਣ ਵਾਲੇ ਪਦਾਰਥ ਹਨ। ਖਣਿਜ ਸਾਧਨ ਅਲੱਗ-ਅਲੱਗ ਪ੍ਰਕਾਰ ਦੀਆਂ ਚੱਟਾਨਾਂ ਤੋਂ ਪ੍ਰਾਪਤ ਹੁੰਦੇ ਹਨ। ਇਹਨਾਂ ਨੂੰ ਉਦਯੋਗਾਂ ਵਿਚ ਵਰਤਿਆ ਜਾਂਦਾ ਹੈ। ਖਣਿਜ ਸਾਡੇ ਉਦਯੋਗਾਂ ਦਾ ਆਧਾਰ ਮੰਨੇ ਜਾਂਦੇ ਹਨ।

**4. ਮੁੱਕਣਯੋਗ ਸਾਧਨਾਂ ਦੀ ਵਰਤੋ ਸਾਨੂੰ ਸਮਝਦਾਰੀ ਅਤੇ ਸੰਕੋਚ ਨਾਲ ਕਿਉਂ ਕਰਨੀ ਚਾਹੀਦੀ ਹੈ?**

ਉੱਤਰ- ਮੁੱਕਣਯੋਗ ਸਾਧਨਾਂ ਦਾ ਭੰਡਾਰ ਨਿਸ਼ਚਿਤ ਹੈ, ਜਿਹੜਾ ਇਕ ਵਾਰ ਖਤਮ ਹੋ ਜਾਣ ਤੇ ਦੁਬਾਰਾ ਪ੍ਰਾਪਤ ਨਹੀਂ ਹੋਵੇਗਾ। ਇਸ ਲਈ ਸਾਨੂੰ ਇਹਨਾਂ ਮੁੱਕਣਯੋਗ ਸਾਧਨਾਂ ਦੀ ਵਰਤੋਂ ਬਹੁਤ ਹੀ ਸਮਝਦਾਰੀ ਅਤੇ ਸੰਕੋਚ ਨਾਲ ਕਰਨੀ ਚਾਹੀਦੀ ਹੈ।

5. **ਰੇਸ਼ੇ ਦੀ ਲੰਬਾਈ ਦੇ ਆਧਾਰ ਤੇ ਕਪਾਹ ਕਿਹੜੀਆਂ -ਕਿਹੜੀਆਂ ਕਿਸਮਾਂ ਦੀ ਹੋ ਸਕਦੀ ਹੈ?**

ਉੱਤਰ- ਕਪਾਹ ਨੂੰ ਰੇਸ਼ੇ ਦੇ ਆਧਾਰ ਤੇ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ :

1.ਲੰਬੇ ਰੇਸ਼ੇ ਵਾਲੀ 2. ਮੱਧ ਦਰਜੇ ਦੇ ਰੇਸ਼ੇ ਵਾਲੀ 3. ਛੋਟੇ ਰੇਸ਼ੇ ਵਾਲੀ

**6. ਪਟਸਨ ਤੋਂ ਕਿਹੜੀਆਂ-ਕਿਹੜੀਆਂ ਚੀਜ਼ਾਂ ਬਣਾਈਆਂ ਜਾ ਸਕਦੀਆਂ ਹਨ ?**

ਉੱਤਰ- ਪਟਸਨ ਦੀ ਵਰਤੋਂ ਰੱਸੇ, ਬੋਰੀਆਂ ਅਤੇ ਟਾਟ ਆਦਿ ਬਣਾਉਣ ਲਈ ਕੀਤੀ ਜਾਂਦੀ ਹੈ ।

**7. ਖੇਤੀਬਾੜੀ ਨੂੰ ਕਿਹੜੇ-ਕਿਹੜੇ ਤੱਤ ਪ੍ਰਭਾਵਿਤ ਕਰਦੇ ਹਨ?**

ਉੱਤਰ- ਜਲਵਾਯੂ, ਧਰਾਤਲ, ਮਿੱਟੀ, ਸਿੰਚਾਈ ਸਹੂਲਤਾਂ, ਖੇਤੀ ਕਰਨ ਦੇ ਢੰਗ, ਮੰਡੀ ਦੀ ਸਹੂਲਤ, ਆਵਾਜਾਈ ਦੇ ਸਾਧਨ, ਬੈਂਕ ਆਦਿ।

**8. ਚਾਵਲ ਪੈਦਾ ਕਰਨ ਵਾਲੇ ਮੁੱਖ ਖੇਤਰ ਕਿਹੜੇ-ਕਿਹੜੇ ਹਨ?**

ਉੱਤਰ- ਸੰਸਾਰ ਵਿੱਚ ਚੀਨ, ਭਾਰਤ, ਬੰਗਲਾਦੇਸ਼ ਅਤੇ ਜਪਾਨ ਆਦਿ ਦੇਸ਼ ਚਾਵਲ ਦੀ ਕਾਫੀ ਪੈਦਾਵਾਰ ਕਰਦੇ ਹਨ। ਚੀਨ ਸੰਸਾਰ ਦਾ **36%** ਚਾਵਲ ਪੈਦਾ ਕਰਕੇ ਪਹਿਲੇ ਸਥਾਨ ‘ਤੇ ਹੈ। ਭਾਰਤ ਚਾਵਲ ਦੀ ਪੈਦਾਵਾਰ ਵਿੱਚ ਸੰਸਾਰ ਵਿਚ ਦੂਜੇ ਸਥਾਨ ‘ਤੇ ਹੈ। ਭਾਰਤ ਵਿਚ ਪੱਛਮੀ ਬੰਗਾਲ, ਬਿਹਾਰ, ਉੜੀਸਾ, ਪੰਜਾਬ ਅਤੇ ਉੱਤਰ- ਪ੍ਰਦੇਸ਼ ਆਦਿ ਰਾਜ ਚਾਵਲ ਦੀ ਖੇਤੀ ਲਈ ਪ੍ਰਮੁੱਖ ਮੰਨੇ ਜਾਂਦੇ ਹਨ ।

**9. ਪੰਜਾਬ ਵਿੱਚ ਕਪਾਹ ਦੀ ਪੈਦਾਵਾਰ ‘ਤੇ ਇੱਕ ਨੋਟ ਲਿਖੋ ।**

ਉੱਤਰ ਪੰਜਾਬ ਦੇ ਬਠਿੰਡਾ, ਫਰੀਦਕੋਟ, ਫਿਰੋਜ਼ਪੁਰ ਅਤੇ ਸੰਗਰੂਰ ਆਦਿ ਜਿਲ੍ਹੇ ਕਪਾਹ ਦੀ ਪੈਦਾਵਾਰ ਲਈ ਮਸ਼ਹੂਰ ਹਨ। ਪੰਜਾਬ ਵਿਚ ਬੀ.ਟੀ ਕਾਟਨ ਬੀਜ ਚੰਗੇ ਨਤੀਜੇ ਦੇ ਰਿਹਾ ਹੈ । ਪੰਜਾਬ ਦੇ ਮਾਲਵਾ ਖੇਤਰ ਵਿੱਚ ਕਪਾਹ ਨੂੰ 'ਚਿੱਟਾ ਸੋਨਾ' ਕਿਹਾ ਜਾਂਦਾ ਹੈ।

**10. ਪੁਸਤਕਾਂ ਇਤਿਹਾਸਕ ਸ੍ਰੋਤ ਦੇ ਰੂਪ ਵਿੱਚ ਸਾਡੀ ਕਿਵੇਂ ਸਹਾਇਤਾ ਕਰਦੀਆਂ ਹਨ?**

ਉੱਤਰ- ਆਧੁਨਿਕ ਕਾਲ ਵਿਚ ਛਾਪੇਖਾਨੇ ਦੀ ਖੋਜ ਨਾਲ ਭਾਰਤੀ ਭਾਸ਼ਾਵਾਂ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਬਹੁਤ ਸਾਰੀਆਂ ਪੁਸਤਕਾਂ ਛਾਪੀਆਂ ਗਈਆਂ ਸਨ, ਜਿੰਨ੍ਹਾਂ ਦਾ ਅਧਿਐਨ ਕਰਨ ਨਾਲ ਸਾਨੂੰ ਸਾਹਿਤ, ਕਲਾ, ਵਿਗਿਆਨ, ਇਤਿਹਾਸ ਅਤੇ ਸੰਗੀਤ ਆਦਿ ਖੇਤਰਾਂ ਵਿੱਚ ਕੀਤੀ ਤਰੱਕੀ ਬਾਰੇ ਜਾਣਕਾਰੀ ਮਿਲਦੀ ਹੈ ।

**11. ਸਰਕਾਰੀ ਦਸਤਾਵੇਜ਼ਾਂ ਤੇ ਨੋਟ ਲਿਖੋ।**

ਉੱਤਰ- ਸਰਕਾਰੀ ਦਸਤਾਵੇਜ਼ਾਂ ਦਾ ਅਧਿਐਨ ਕਰਨ ਨਾਲ ਸਾਨੂੰ ਵੱਖ-ਵੱਖ ਭਾਰਤੀ ਅਤੇ ਵਿਦੇਸ਼ੀ ਤਾਕਤਾਂ ਦੇ ਆਪਸੀ ਵਿਹਾਰ ਅਤੇ ਕਿਸ ਤਰ੍ਹਾਂ ਅੰਗਰੇਜ਼ੀ ਤਾਕਤਾਂ ਨੇ ਭਾਰਤੀ ਤਾਕਤਾਂ ਨੂੰ ਆਪਣੇ ਅਧੀਨ ਕੀਤਾ ਬਾਰੇ ਜਾਣਕਾਰੀ ਮਿਲਦੀ ਹੈ।

**12. ਨਾਮਧਾਰੀ ਅੰਦੋਲਨ ਦੀ ਸਥਾਪਨਾ ਕਦੋਂ, ਕਿੱਥੇ ਅਤੇ ਕਿਸ ਦੁਆਰਾ ਕੀਤੀ ਗਈ?**

ਉੱਤਰ:- ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 12 ਅਪ੍ਰੈਲ 1857 ਈ. ਨੂੰ ਭੈਣੀ ਸਾਹਿਬ (ਲੁਧਿਆਣਾ) ਵਿਖੇ ਨਾਮਧਾਰੀ ਲਹਿਰ ਦੀ ਸਥਾਪਨਾ ਕੀਤੀ।

**13. ਸਿੰਘ ਸਭਾ ਨੇ ਇਸਤਰੀ-ਸਿੱਖਿਆ ਲਈ ਕਿੱਥੇ-ਕਿੱਥੇ ਵਿੱਦਿਅਕ ਸੰਸਥਾਵਾਂ ਸਥਾਪਿਤ ਕੀਤੀਆਂ?**

ਉੱਤਰ:- ਸਿੰਘ ਸਭਾ ਨੇ ਇਸਤਰੀ-ਸਿੱਖਿਆ ਲਈ ਸਿੱਖ ਕੰਨਿਆ ਮਹਾਂਵਿਦਿਆਲਾ- ਫਿਰੋਜ਼ਪੁਰ, ਖਾਲਸਾ ਭੁਜੰਗ ਸਕੂਲ - ਕੈਰੋ ਅਤੇ ਵਿਦਿਆ ਭੰਡਾਰ - ਭਸੌੜ ਆਦਿ ਵਿੱਦਿਅਕ ਸੰਸਥਾਵਾਂ ਸਥਾਪਿਤ ਕੀਤੀਆਂ।

**14. ਰਾਜਾ ਰਾਮ ਮੋਹਨ ਰਾਏ ਦੁਆਰਾ ਇਸਤਰੀਆਂ ਦੀ ਦਸ਼ਾ ਸੁਧਾਰਨ ਬਾਰੇ ਪਾਏ ਗਏ ਯੋਗਦਾਨ ਦਾ ਸੰਖੇਪ ਵਰਨਣ ਕਰੋ?**

ਉੱਤਰ:- ਰਾਜਾ ਰਾਮ ਮੋਹਨ ਰਾਏ ਨੇ ਸਮਾਜ ਵਿੱਚੋਂ ਸਤੀ ਪ੍ਰਥਾ ਖ਼ਤਮ ਕਰਨ ਲਈ ਪ੍ਰਚਾਰ ਕੀਤਾ। ਉਹਨਾਂ ਦੀਆਂ ਦਲੀਲਾਂ ਅਤੇ ਯਤਨਾਂ ਦੇ ਸਿੱਟੇ ਵਜੋਂ ਸਰਕਾਰ ਨੇ 1829 ਈ. ਵਿੱਚ ਸਤੀ ਪ੍ਰਥਾ ਤੇ ਕਾਨੂੰਨ ਰਾਹੀਂ ਪਾਬੰਦੀ ਲਗਾ ਦਿੱਤੀ । ਉਹਨਾਂ ਨੇ ਬਾਲ-ਵਿਆਹ, ਬਹੁ-ਵਿਆਹ, ਪਰਦਾ-ਪ੍ਰਥਾ ਦੀ ਨਿਖੇਧੀ ਕੀਤੀ। ਉਹਨਾਂ ਨੇ ਕੁੜੀਆਂ ਦੀ ਹੱਤਿਆ ਕਰਨ ਦਾ ਵਿਰੋਧ ਕੀਤਾ।ਉਹ ਵਿਧਵਾ-ਵਿਆਹ ਦੇ ਹੱਕ ਵਿੱਚ ਸਨ। ਉਹਨਾਂ ਨੇ ਇਸਤਰੀਆਂ ਨੂੰ ਜੱਦੀ ਜਾਇਦਾਦ ਵਿੱਚੋਂ ਹਿੱਸਾ ਦੇਣ ਬਾਰੇ ਵੀ ਪ੍ਰਚਾਰ ਕੀਤਾ।

**15. ਈਸ਼ਵਰ ਚੰਦਰ ਵਿਦਿਆ ਸਾਗਰ ਦੁਆਰਾ ਇਸਤਰੀਆਂ ਦੀ ਦਸ਼ਾ ਸੁਧਾਰਨ ਸੰਬੰਧੀ ਕੀ ਯੋਗਦਾਨ ਦਿੱਤਾ ਗਿਆ?**

ਉੱਤਰ:- ਈਸ਼ਵਰ ਚੰਦਰ ਵਿਦਿਆ ਸਾਗਰ ਇੱਕ ਹੋਰ ਸਮਾਜ ਸੁਧਾਰਕ ਸੀ। ਉਹਨਾਂ ਨੇ ਲੜਕੀਆਂ ਨੂੰ ਪੜ੍ਹਾਉਣ ਲਈ ਆਪਣੇ ਖਰਚੇ ਤੇ ਬੰਗਾਲ ਵਿੱਚ ਲਗਭਗ 25 ਸਕੂਲ ਸਥਾਪਤ ਕੀਤੇ। ਉਹਨਾਂ ਨੇ ਵਿਧਵਾ-ਵਿਆਹ ਸਬੰਧੀ ਸੰਘਰਸ਼ ਸ਼ੁਰੂ ਕੀਤਾ। ਉਹਨਾਂ ਨੇ 1855-60 ਈ. ਦੌਰਾਨ ਲਗਭਗ 25 ਵਿਧਵਾ-ਵਿਆਹ ਕਰਵਾਏ। ਉਹਨਾਂ ਨੇ ਬਾਲ-ਵਿਆਹ ਦਾ ਖੰਡਨ ਕੀਤਾ। ਉਹਨਾਂ ਦੇ ਯਤਨਾਂ ਸਦਕਾ 1856 ਈ. ਵਿੱਚ ਹਿੰਦੂ ਵਿਧਵਾ-ਵਿਆਹ ਕਾਨੂੰਨ ਪਾਸ ਕੀਤਾ ਗਿਆ।

**16. ਸਰ ਸੱਯਦ ਅਹਿਮਦ ਖਾਂ ਦੁਆਰਾ ਇਸਤਰੀਆਂ ਦੀ ਹਾਲਤ ਸੁਧਾਰਨ ਸੰਬੰਧੀ ਕਿਹੜੇ ਯਤਨ ਕੀਤੇ ਗਏ?**

ਉੱਤਰ:- ਸਰ ਸੱਯਦ ਅਹਿਮਦ ਖਾਂ ਮੁਸਲਿਮ ਸਮਾਜ ਦਾ ਸੁਧਾਰ ਕਰਨਾ ਚਾਹੁੰਦੇ ਸਨ। ਉਹਨਾਂ ਦੇ ਵਿਚਾਰ ਅਨੁਸਾਰ ਸਮਾਜ ਖੁਸ਼ਹਾਲ ਤਾਂ ਹੀ ਬਣ ਸਕਦਾ ਸੀ ਜੇਕਰ ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਸਮਝਿਆ ਜਾਵੇ। ਉਹਨਾਂ ਨੇ ਤਲਾਕ ਪ੍ਰਥਾ, ਬਾਲ-ਵਿਆਹ, ਪਰਦਾ ਪ੍ਰਥਾ, ਗੁਲਾਮੀ ਦੀ ਪ੍ਰਥਾ ਦਾ ਵੀ ਖੰਡਨ ਕੀਤਾ। ਉਹਨਾਂ ਨੇ ਸਮਾਜ ਵਿੱਚ ਪ੍ਰਚਲਿਤ ਬੁਰਾਈਆਂ ਨੂੰ ਖ਼ਤਮ ਕਰਨ ਲਈ '**ਤਹਿਜ਼ੀਬ-ਉਲ-ਅਖਲਾਕ**' ਨਾਂ ਦਾ ਅਖ਼ਬਾਰ ਕੱਢਿਆ।

**17. ਸਵਾਮੀ ਦਯਾਨੰਦ ਦੁਆਰਾ ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਕੀ ਯੋਗਦਾਨ ਦਿੱਤਾ ਗਿਆ ?**

ਉੱਤਰ:- ਸਵਾਮੀ ਦਯਾਨੰਦ ਸਰਸਵਤੀ ਜੀ ਨੇ ਬਾਲ ਵਿਆਹ, ਸਤੀ ਪ੍ਰਥਾ ਅਤੇ ਦਹੇਜ਼ ਪ੍ਰਥਾ ਦਾ ਵਿਰੋਧ ਕੀਤਾ। ਉਹ ਵਿਧਵਾ-ਵਿਆਹ ਦੇ ਹੱਕ ਵਿੱਚ ਸਨ। ਉਹਨਾਂ ਨੇ ਵਿਧਵਾ ਇਸਤਰੀਆਂ ਦੀ ਹਾਲਤ ਸੁਧਾਰਨ ਲਈ ਵਿਧਵਾ ਆਸ਼ਰਮ ਸਥਾਪਿਤ ਕੀਤੇ। ਬੇਸਹਾਰਾ ਲੜਕੀਆਂ ਨੂੰ ਸਿਲਾਈ-ਕਢਾਈ ਦੇ ਕੰਮ ਦੀ ਸਿਖਲਾਈ ਦੇਣ ਲਈ ਬਹੁਤ ਸਾਰੇ ਕੇਂਦਰ ਸਥਾਪਤ ਕੀਤੇ। ਉਹਨਾਂ ਦੁਆਰਾ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਲੜਕੀਆਂ ਦੀ ਸਿੱਖਿਆ ਲਈ ਸਕੂਲ ਸਥਾਪਤ ਕੀਤੇ ਗਏ।

**18. 19ਵੀਂ ਸਦੀ ਵਿੱਚ ਇਸਤਰੀਆਂ ਦੀ ਦਸ਼ਾ ਦਾ ਵਰਨਣ ਕਰੋ।**

ਉੱਤਰ:- 19ਵੀਂ ਸਦੀ ਵਿੱਚ ਭਾਰਤੀ ਸਮਾਜ ਵਿੱਚ ਇਸਤਰੀਆਂ ਦੀ ਹਾਲਤ ਤਰਸਯੋਗ ਸੀ। ਉਸ ਸਮੇਂ ਭਾਰਤ ਵਿੱਚ ਸਤੀ ਪ੍ਰਥਾ, ਲੜਕੀਆਂ ਦੀ ਹੱਤਿਆ ਕਰਨਾ, ਗੁਲਾਮੀ, ਪਰਦਾ ਪ੍ਰਥਾ, ਵਿਧਵਾ-ਵਿਆਹ ਦੀ ਮਨਾਹੀ ਤੇ ਬਹੁ-ਵਿਆਹ ਆਦਿ ਕੁਰੀਤੀਆਂ ਪ੍ਰਚਲਿਤ ਸਨ।

**19. ਸੰਵਿਧਾਨ ਦੀ ਸਰਵਉੱਚਤਾ ਤੋਂ ਕੀ ਭਾਵ ਹੈ?**

ਉੱਤਰ - ਸੰਵਿਧਾਨ ਨੂੰ ਸਰਵਉੱਚ ਮੰਨਿਆ ਜਾਂਦਾ ਹੈ। ਸਾਡੀ ਸਰਕਾਰ ਵਿਚ ਅਹਿਮ ਅਹੁਦਿਆਂ ਤੇ ਨਿਯੁਕਤੀ ਤੋਂ ਪਹਿਲਾਂ ਸੰਵਿਧਾਨ ਦੀ ਸਰਵ-ਉੱਚਤਾ ਅਤੇ ਸੰਵਿਧਾਨ ਨੂੰ ਮੰਨਣ ਦੀ ਸਹੁੰ ਚੁਕਾਈ ਜਾਂਦੀ ਹੈ। ਇਸੇ ਤਰ੍ਹਾਂ ਸੰਵਿਧਾਨ ਅਨੁਸਾਰ ਹੀ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਕੰਮ ਕਰਦੀਆਂ ਹਨ।

**20. ਭਾਰਤੀ ਸੰਵਿਧਾਨ ਦਾ ਨਿਰਮਾਣ ਕਿਵੇ ਹੋਇਆ?**

ਉੱਤਰ ਸੰਵਿਧਾਨ ਨੂੰ ਨਿਯਮਿਤ ਰੂਪ ਦੇਣ ਲਈ ਡਾਕਟਰ ਬੀ. ਆਰ. ਅੰਬੇਦਕਰ ਦੀ ਪ੍ਰਧਾਨਗੀ ਹੇਠ ਇੱਕ 7 ਮੈਂਬਰੀ ਕਮੇਟੀ ਬਣਾਈ ਗਈ। ਇਸ ਮਸੌਦਾ ਕਮੇਟੀ ਨੇ ਵੱਖ-ਵੱਖ ਦੇਸ਼ਾਂ ਦੇ ਸੰਵਿਧਾਨਾਂ ਦਾ ਅਧਿਐਨ ਕੀਤਾ। ਬਹੁਤ ਸਾਰੇ ਸਿਧਾਂਤ ਦੂਜੇ ਦੇਸ਼ਾਂ ਦੇ ਸੰਵਿਧਾਨਾ ਤੋਂ ਲਏ ਗਏ। ਇਸ ਸੰਵਿਧਾਨ ਸਭਾ ਦੇ ਕੁਲ ਗਿਆਰਾਂ ਸਮਾਗਮ ਹੋਏ। ਸੰਵਿਧਾਨ 2 ਸਾਲ 11 ਮਹੀਨੇ ਅਤੇ 18 ਦਿਨਾਂ ਵਿੱਚ ਤਿਆਰ ਕੀਤਾ ਗਿਆ।

**21. ਭਾਰਤ 'ਚ ਨਿਆਂਪਾਲਿਕਾ ਨੂੰ ਸੁਤੰਤਰ ਤੇ ਨਿਰਪੱਖ ਕਿਵੇਂ ਬਣਾਇਆ ਗਿਆ ਹੈ?**

ਉੱਤਰ- ਨਿਆਂਪਾਲਿਕਾ ਨੂੰ ਨਿਰਪੱਖ ਅਤੇ ਆਜ਼ਾਦ ਬਣਾਉਣ ਲਈ ਸੰਵਿਧਾਨ ਰਾਹੀਂ ਕਈ ਕਦਮ ਚੁੱਕੇ ਗਏ ਹਨ। ਮਿਸਾਲ ਵਜੋਂ ਜੱਜਾਂ ਦੀ ਨਿਯੁਕਤੀ, ਤਨਖਾਹ, ਭੱਤੇ, ਕਾਰਜਕਾਲ ਆਦਿ ਬਾਕੀ ਕਰਮਚਾਰੀਆਂ ਤੋਂ ਵੱਖ ਕੀਤੇ ਗਏ ਹਨ।

**22. 'ਸੰਸਦ' ਦੇ ਸ਼ਬਦੀ ਅਰਥ ਲਿਖੋ।**

ਉੱਤਰ- ਸੰਸਦ' ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਪਾਰਲੀਮੈਂਟ' ਦਾ ਪੰਜਾਬੀ ਅਨੁਵਾਦ ਹੈ ਜੋ ਕਿ ਫਰਾਂਸੀਸੀ ਭਾਸ਼ਾ ਦੇ ਸ਼ਬਦ 'ਪਾਰਲਰ' ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ 'ਗੱਲਬਾਤ ਕਰਨਾ'। ਸੋ, ਸੰਸਦ ਇੱਕ ਅਜਿਹੀ ਸੰਸਥਾ ਹੈ ਜਿੱਥੇ ਬੈਠ ਕੇ ਲੋਕਾਂ ਦੇ ਨੁਮਾਇੰਦੇ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਵਿਸ਼ਿਆਂ 'ਤੇ ਗੱਲਬਾਤ ਕਰਦੇ ਹਨ।

**23. ਸਰਕਾਰ ਸੰਸਦ ਪ੍ਰਤੀ ਕਿਵੇਂ ਜਵਾਬਦੇਹ ਹੈ** ?

ਉੱਤਰ- ਸਰਕਾਰ ਉਨ੍ਹਾਂ ਚਿਰ ਹੀ ਆਪਣੇ ਅਹੁਦੇ 'ਤੇ ਬਿਰਾਜਮਾਨ ਰਹਿ ਸਕਦੀ ਹੈ, ਜਿੰਨ੍ਹਾਂ ਚਿਰ ਉਸ ਕੋਲ ਸੰਸਦ ਵਿੱਚ ਬਹੁਮੱਤ ਦਾ ਸਮਰਥਨ ਪ੍ਰਾਪਤ ਰਹਿੰਦਾ ਹੈ ।

**24. ਸੰਸਦ ਵਿੱਚ ਕਾਨੂੰਨ ਕਿਵੇਂ ਬਣਦਾ ਹੈ ?**

ਉੱਤਰ- ਬਿੱਲ ਸੰਸਦ ਦੇ ਕਿਸੇ ਵੀ ਸਦਨ ਵਿੱਚ ਪੇਸ਼ ਕੀਤੇ ਜਾ ਸਕਦੇ ਹਨ। ਦੋਵਾਂ ਸਦਨਾਂ ਵਿੱਚੋਂ ਪਾਸ ਹੋਣ ਮਗਰੋਂ ਰਾਸ਼ਟਰਪਤੀ ਦੀ ਪ੍ਰਵਾਨਗੀ ਉਪਰੰਤ ਬਿੱਲ ਕਾਨੂੰਨ ਬਣਦਾ ਹੈ। ਸਿਰਫ਼ ਧਨ ਬਿੱਲ ਜਾਂ ਵਿੱਤੀ ਬਿੱਲ ਹੀ ਲੋਕ ਸਭਾ ਵਿੱਚ ਪੇਸ਼ ਕੀਤਾ ਜਾ ਸਕਦਾ ਹੈ।

**25. ਲੋਕ ਸਭਾ ਚੋਣਾਂ ਤੋਂ ਬਾਅਦ ਸਰਕਾਰ ਕਿਵੇਂ ਬਣਦੀ ਹੈ ?**

ਉੱਤਰ- ਲੋਕ ਸਭਾ ਚੋਣਾਂ ਤੋਂ ਬਾਅਦ ਜਿਸ ਦਲ ਨੂੰ ਬਹੁਮੱਤ ਪ੍ਰਾਪਤ ਹੁੰਦਾ ਹੈ, ਉਹ ਦਲ ਸਰਕਾਰ ਬਣਾਉਂਦਾ ਹੈ।

**26. ਸੰਸਦੀ ਸਰਕਾਰ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਲਿਖੋ।**

ਉੱਤਰ- 1. ਨਾਂ-ਮਾਤਰ ਅਤੇ ਅਸਲ ਕਾਰਜਪਾਲਿਕਾ ਵਿੱਚ ਅੰਤਰ।

2. ਪ੍ਰਧਾਨ ਮੰਤਰੀ ਦੀ ਅਗਵਾਈ।

3. ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਵਿੱਚ ਗੂੜ੍ਹਾ ਸੰਬੰਧ।

4. ਵਿਰੋਧੀ ਦਲ ਨੂੰ ਕਾਨੂੰਨੀ ਮਾਨਤਾ।

5.ਸਮੂਹਿਕ ਅਤੇ ਵਿਅਕਤੀਗਤ ਜ਼ਿੰਮੇਵਾਰੀ।

**27. ਲਟਕਦੀ ਸੰਸਦ ਤੋਂ ਕੀ ਭਾਵ ਹੈ?**

ਉੱਤਰ- ਲਟਕਦੀ ਸੰਸਦ ਤੋਂ ਭਾਵ ਅਜਿਹੀ ਲੋਕ ਸਭਾ ਤੋਂ ਹੈ, ਜਿਸ ਵਿਚ ਕਿਸੇ ਵੀ ਇਕ ਰਾਜਨੀਤਿਕ ਦਲ ਨੂੰ ਚੋਣਾਂ ਤੋਂ ਬਾਅਦ ਸਪੱਸ਼ਟ ਬਹੁਮਤ ਪ੍ਰਾਪਤ ਨਹੀਂ ਹੁੰਦਾ ਅਤੇ ਰਲੀਆਂ-ਮਿਲੀਆਂ ਸਰਕਾਰਾਂ ਬਣਦੀਆਂ ਹਨ ਅਤੇ ਸਰਕਾਰ ਚਲਾਉਂਦੀਆਂ ਹਨ।

## ਪੰਜ ਅੰਕਾਂ ਵਾਲੇ ਪ੍ਰਸ਼ਨ (ਪ੍ਰਸ਼ਨਾਂ ਦਾ ਉੱਤਰ 80 ਤੋਂ 100 ਸ਼ਬਦਾਂ ਵਿੱਚ ਦਿਓ)

**1. ਮਿੱਟੀ ਦੀਆਂ ਕਿਸਮਾਂ** ਦੱਸ ਕੇ ਦੇਸ਼ ਵਿੱਚ **ਜਲੋਢੀ ਮਿੱਟੀ ਦੀ ਮਹੱਤਤਾ ਬਾਰੇ ਲਿਖੋ।**

ਉੱਤਰ- ਭਾਰਤ ਵਿੱਚ ਛੇ ਕਿਸਮ ਦੀ ਮਿੱਟੀ ਪਾਈ ਜਾਂਦੀ ਹੈ:-

**ਮਿੱਟੀ ਦੀਆਂ ਕਿਸਮਾਂ**:- 1. ਜਲੋਢੀ ਮਿੱਟੀ　2. ਕਾਲੀ ਮਿੱਟੀ　3. ਮਾਰੂਥਲੀ ਮਿੱਟੀ

4. ਲਾਲ ਮਿੱਟੀ　5. ਲੈਟਰਾਈਟ ਮਿੱਟੀ　6. ਜੰਗਲੀ ਅਤੇ ਪਰਬਤੀ ਮਿੱਟੀ

ਜਲੋਢੀ ਮਿੱਟੀ ਦੇਸ਼ ਦੇ ਲਗਭਗ 45% ਹਿੱਸੇ ਤੇ ਪਾਈ ਜਾਂਦੀ ਹੈ। ਇਸ ਕਿਸਮ ਦੀ ਮਿੱਟੀ ਸਾਡੀ ਖੇਤੀਬਾੜੀ ਨੂੰ ਪ੍ਰਫੁੱਲਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦੀ ਹੈ। ਇਹ ਨਦੀਆਂ ਅਤੇ ਦਰਿਆਵਾਂ ਦੇ ਪਾਣੀ ਦੁਆਰਾ ਲਿਆ ਕੇ ਜਮ੍ਹਾਂ ਕੀਤੀ ਹੋਈ ਮਿੱਟੀ ਹੁੰਦੀ ਹੈ। ਭਾਰਤ ਦੇ ਉਪਜਾਊ ਉੱਤਰੀ ਮੈਦਾਨਾਂ ਵਿਚ ਮੁੱਖ ਤੌਰ 'ਤੇ ਜਲੋਢ ਕਿਸਮ ਦੀ ਮਿੱਟੀ ਹੀ ਮਿਲਦੀ ਹੈ।

**2. ਮਿੱਟੀ ਦੀ ਸਾਂਭ ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ?**

ਉੱਤਰ- ਮਿੱਟੀ ਦੀ ਸਾਂਭ ਸੰਭਾਲ ਹੇਠ ਲਿਖੇ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ:-

1. ਪਹਾੜਾਂ ਦੀਆਂ ਢਲਾਣਾਂ ਉੱਤੇ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਜੋ ਪਾਣੀ ਦੀ ਤੇਜ਼ ਚਾਲ ਨੂੰ ਰੋਕਿਆ ਜਾ ਸਕੇ।

2. ਵਾਧੂ ਪਾਣੀ ਦਾ ਨਿਕਾਸ ਕਰਕੇ ਮਿੱਟੀ ਨੂੰ ਸੇਮ ਦੀ ਸਮੱਸਿਆ ਤੋਂ ਰੋਕਿਆ ਜਾਵੇ।

3. ਹੜ੍ਹਾਂ ਨੂੰ ਨਦੀਆਂ ਤੇ ਬੰਨ੍ਹ ਲਗਾ ਕੇ ਰੋਕਣਾ ਚਾਹੀਦਾ ਹੈ।

4. ਖੇਤੀ ਕਰਨ ਲਈ ਵਧੀਆ ਢੰਗ ਤਰੀਕੇ ਵਰਤੇ ਜਾਣੇ ਚਾਹੀਦੇ ਹਨ।

3. **ਪਾਣੀ ਦੇ ਸੋਮਿਆਂ ਵਿੱਚੋਂ ਦਰਿਆ ਅਤੇ ਨਦੀਆਂ ਦੀ ਮਹੱਤਤਾ ਬਾਰੇ ਲਿਖੋ।**

ਉੱਤਰ- ਪੁਰਾਣੇ ਸਮਿਆਂ ਤੋਂ ਹੀ ਦਰਿਆਵਾਂ ਅਤੇ ਨਦੀਆਂ ਦੇ ਕਿਨਾਰੇ ਹੀ ਮਨੁੱਖੀ ਬਸੇਰੇ ਦੀ ਸ਼ੁਰੂਆਤ ਹੋਈ। ਹੁਣ ਮਨੁੱਖ ਨੇ ਇਹਨਾਂ ਦਰਿਆਵਾਂ ਅਤੇ ਨਦੀਆਂ ਤੇ ਬੰਨ੍ਹ ਬਣਾ ਕੇ ਆਪਣੀ ਜ਼ਰੂਰਤ ਲਈ ਨਹਿਰਾਂ ਦਾ ਨਿਰਮਾਣ ਕੀਤਾ ਹੈ। ਇਹਨਾਂ ਨਹਿਰਾਂ ਦਾ ਪਾਣੀ ਖੇਤੀਬਾੜੀ ਅਤੇ ਹੋਰ ਕੰਮਾਂ ਲਈ ਵਰਤਿਆ ਜਾਂਦਾ ਹੈ।

**4. ਪਾਣੀ ਦੀ ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ?**

ਉੱਤਰ— ਪਾਣੀ ਦੀ ਸਾਂਭ ਸੰਭਾਲ ਲਈ ਹੇਠ ਲਿਖੇ ਤਰੀਕੇ ਅਪਣਾਉਣੇ ਚਾਹੀਦੇ ਹਨ:-

1. ਪਾਣੀ ਨੂੰ ਲੋੜ ਤੋਂ ਜ਼ਿਆਦਾ ਨਾ ਵਰਤਿਆ ਜਾਵੇ।
2. ਸਿੰਚਾਈ ਲਈ ਨਵੇਂ ਤਰੀਕਿਆਂ ਜਿਵੇਂ ਕਿ ਫੁਹਾਰਾ ਪ੍ਰਣਾਲੀ ਆਦਿ ਦੀ ਵਰਤੋਂ ਕੀਤੀ ਜਾਵੇ।
3. ਵਰਖਾ ਦੇ ਪਾਣੀ ਨੂੰ ਬੰਨ੍ਹ ਬਣਾ ਕੇ ਜਮ੍ਹਾਂ ਕਰਕੇ ਬਾਅਦ ਵਿੱਚ ਵਰਤਿਆ ਜਾ ਸਕਦਾ ਹੈ।
4. ਵਰਖਾ ਦੇ ਪਾਣੀ ਨੂੰ ਜ਼ਮੀਨੀ ਬੋਰਾਂ ਰਾਹੀਂ, ਪਾਣੀ ਦਾ ਪੱਧਰ ਉੱਚਾ ਚੁੱਕਣ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।

**5. ਪੱਤਝੜ ਜੰਗਲਾਂ 'ਤੇ ਇੱਕ ਨੋਟ ਲਿਖੋ।**

ਉੱਤਰ- ਪੱਤਝੜ ਜੰਗਲ ਉਹ ਜੰਗਲ ਹਨ ਜਿਨ੍ਹਾਂ ਦਰਖੱਤਾਂ ਦੇ ਪੱਤੇ ਇੱਕ ਮੌਸਮ ਵਿਚ ਝੜ੍ਹ ਜਾਂਦੇ ਹਨ, ਬਸੰਤ ਰੁੱਤ ਵਿਚ ਪੱਤੇ ਦੁਬਾਰਾ ਆ ਜਾਂਦੇ ਹਨ। ਇਸ ਤਰ੍ਹਾਂ ਦੀ ਬਨਸਪਤੀ ਦੱਖਣੀ ਭਾਰਤ ਵਿੱਚ ਜ਼ਿਆਦਾ ਮਿਲਦੀ ਹੈ। ਲੱਕੜ ਦੀ ਪ੍ਰਾਪਤੀ ਪੱਖੋਂ ਇਹ ਜੰਗਲ ਬਹੁਤ ਮਹੱਤਤਾ ਰੱਖਦੇ ਹਨ। ਇਨ੍ਹਾਂ ਜੰਗਲਾਂ ਤੋਂ ਸਾਨੂੰ ਮੁੱਖ ਤੌਰ ਤੇ ਸਾਲ, ਟੀਕ, ਬਾਂਸ ਅਤੇ ਟਾਹਲੀ ਆਦਿ ਕਿਸਮ ਦੀ ਲੱਕੜੀ ਮਿਲਦੀ ਹੈ।

**6. ਜੰਗਲੀ ਜੀਵਾਂ ਦੇ ਬਚਾਅ ਅਤੇ ਸਾਂਭ ਸੰਭਾਲ ਲਈ ਸਰਕਾਰ ਨੇ ਕੀ-ਕੀ ਕਦਮ ਉਠਾਏ ਹਨ ?**

ਉੱਤਰ- 1952 ਵਿੱਚ ਜੰਗਲੀ ਜੀਵਾਂ ਲਈ ਭਾਰਤੀ ਬੋਰਡ ਦੀ ਸਥਾਪਨਾ ਕੀਤੀ ਗਈ ਸੀ। 1972 ਵਿੱਚ ਅਤੇ ਫਿਰ 2002 ਵਿੱਚ ਜੰਗਲੀ ਜੀਵਾਂ ਦੀ ਸੁਰੱਖਿਆ ਲਈ ਸਰਕਾਰ ਵੱਲੋਂ ਐਕਟ ਪਾਸ ਕੀਤੇ ਗਏ। ਬਹੁਤ ਸਾਰੇ ਕੌਮੀ ਪਾਰਕਾਂ ਅਤੇ ਜੰਗਲੀ ਜੀਵ ਪਨਾਹਗਾਹਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

7. **ਕੱਚਾ ਲੋਹਾ ਮੁੱਖ ਤੌਰ ਤੇ ਕਿਹੜੇ ਦੇਸ਼ਾਂ ਵਿਚੋਂ ਮਿਲਦਾ ਹੈ**? **ਇਸ ਦੀਆਂ ਕਿਸਮਾਂ ਦੇ ਨਾਮ ਲਿਖੋ।**

ਉੱਤਰ:-ਸੰਸਾਰ ਵਿੱਚ ਰੂਸ ਅਤੇ ਇਸਦੇ ਗੁਆਂਢੀ ਦੇਸ਼ ਆਸਟ੍ਰੇਲੀਆ ,ਬ੍ਰਾਜ਼ੀਲ ਅਤੇ ਸੰਯੁਕਤ ਰਾਜ ਅਮਰੀਕਾ ( ਯੂ. ਐੱਸ. ਏ.) ਵਰਗੇ ਦੇਸ਼ਾਂ ਵਿੱਚ ਕੱਚੇ ਲੋਹੇ ਦੇ ਵੱਡੇ ਭੰਡਾਰ ਹਨ।

ਹੈਮੇਟਾਈਟ ਅਤੇ ਮੈਗਨੇਟਾਈਟ ਕੱਚੇ ਲੋਹੇ ਦੀਆਂ ਮੁੱਖ ਕਿਸਮਾਂ ਹਨ।8. **ਬਾਕਸਾਈਟ ਦੀ ਮਹੱਤਤਾ 'ਤੇ ਨੋਟ ਲਿਖੋ।**

ਉੱਤਰ: ਬਾਕਸਾਈਟ ਇੱਕ ਮਹੱਤਵਪੂਰਣ ਕੱਚੀ ਧਾਤ ਹੈ ਜਿਸ ਤੋਂ ਐਲੂਮੀਨੀਅਮ ਬਣਾਇਆ ਜਾਂਦਾ ਹੈ। ਇਹ ਚੀਕਣੀ ਮਿੱਟੀ ਵਰਗੀ ਧਾਤ ਹੈ। ਐਲੂਮੀਨੀਅਮ ਨੂੰ ਬਹੁਤ ਸਾਰੇ ਉਦਯੋਗਾਂ ਵਿੱਚ ਵਰਤਿਆ ਜਾਂਦਾ ਹੈ।ਇਸ ਦੀ ਵਰਤੋਂ ਬਰਤਨ, ਬਿਜਲੀ ਦੀਆਂ ਤਾਰਾਂ, ਮੋਟਰ-ਗੱਡੀਆਂ, ਸਮੁੰਦਰੀ ਜਹਾਜ਼ ਅਤੇ ਹਵਾਈ ਜਹਾਜ਼ ਬਣਾਉਣ ਵਿੱਚ ਕੀਤੀ ਜਾ ਰਹੀ ਹੈ।

9. **ਕੁਦਰਤੀ ਗੈਸ ਦੀ ਸਾਡੇ ਜੀਵਨ ਵਿੱਚ ਕੀ ਮਹੱਤਤਾ ਹੈ ਅਤੇ ਇਸ ਦੇ ਮੁੱਖ ਖੇਤਰ ਸਾਡੇ ਦੇਸ਼ ਵਿੱਚ ਕਿਹੜੇ-ਕਿਹੜੇ ਹਨ**?

ਉੱਤਰ: ਕੁਦਰਤੀ ਗੈਸ ਸ਼ਕਤੀ ਦਾ ਇੱਕ ਬਹੁਤ ਵੱਡਾ ਸਾਧਨ ਹੈ।ਇਸ ਗੈਸ ਦੀ ਵਰਤੋਂ ਘਰਾਂ ਵਿੱਚ, ਗੱਡੀਆਂ ਚਲਾਉਣ ਵਿੱਚ ਅਤੇ ਹੋਰ ਉਦਯੋਗਾਂ ਵਿੱਚ ਹੁੰਦੀ ਹੈ।ਭਾਰਤ ਵਿੱਚ ਇਹ ਕ੍ਰਿਸ਼ਨਾ–ਗੋਦਾਵਰੀ ਬੇਸਿਨ, ਉੜੀਸਾ ਦੇ ਨੇੜੇ ਬੰਗਾਲ ਦੀ ਖਾੜੀ ਵਿੱਚ, ਰਾਜਸਥਾਨ ਦੇ ਬਾਰਮੇੜ ਖੇਤਰ ਕੁਦਰਤੀ ਗੈਸ ਲਈ ਪ੍ਰਸਿੱਧ ਹਨ।

10. **ਪਣ-ਬਿਜਲੀ ਤਿਆਰ ਕਰਨ ਲਈ ਲੋੜੀਂਦੇ ਤੱਤਾਂ ਬਾਰੇ ਲਿਖੋ।**

ਉੱਤਰ: ਪਣ-ਬਿਜਲੀ ਤਿਆਰ ਕਰਨ ਲਈ ਨਿਮਨਲਿਖਤ ਤੱਤ ਲੋੜੀਂਦੇ ਹਨ:

1. ਪਾਣੀ ਸਾਧਨ ਸਾਰਾ ਸਾਲ ਹੀ ਉਪਲੱਬਧ ਹੋਵੇ।
2. ਪਾਣੀ ਦੇ ਰਸਤੇ ਵਿੱਚ ਲੋੜੀਂਦੀ ਢਲਾਣ ਜਾਂ ਬੰਨ ਬਣਾਉਣ ਲਈ ਉੱਚਾਈ ਹੋਵੇ ।
3. ਬਿਜਲੀ ਬਣਾਉਣ ਲਈ ਪਾਣੀ ਲੋੜੀਂਦੀ ਮਾਤਰਾ ਵਿੱਚ ਉਪਲੱਬਧ ਹੋਵੇ।
4. ਬੰਨ੍ਹ ਦੇ ਪਿਛਲੇ ਪਾਸੇ ਪਾਣੀ ਦੇ ਭੰਡਾਰ ਜਾਂ ਝੀਲ ਵਾਸਤੇ ਲੋੜੀਂਦੀ ਜਗ੍ਹਾ ਹੋਵੇ।
5. ਇਲਾਕੇ ਵਿੱਚ ਬਿਜਲੀ ਦੀ ਮੰਗ ਹੋਵੇ।

**11. ਭੂਚਾਲ ਆਫ਼ਤ ਪ੍ਰਬੰਧਨ ਵਿੱਚ ਸਾਨੂੰ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?**

ਉੱਤਰ- ਭੂਚਾਲ ਆਫ਼ਤ ਪ੍ਰਬੰਧਨ ਲਈ ਸਾਨੂੰ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ:-

1. ਭੂਚਾਲ ਗ੍ਰਸਤ ਇਲਾਕਿਆਂ ਵਿਚ ਇਮਾਰਤਾਂ ਦੇ ਨਕਸ਼ੇ ਅਤੇ ਬਨਾਵਟ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਕਿ ਭੂਚਾਲ ਆਉਣ ਤੇ ਇਨ੍ਹਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ।

2. ਭੂਚਾਲ ਆਉਣ ਤੇ ਡਰ ਜਾਂ ਦਹਿਸ਼ਤ ਦਾ ਮਾਹੌਲ ਨਹੀਂ ਬਣਨ ਦੇਣਾ ਚਾਹੀਦਾ, ਸਗੋਂ ਸ਼ਾਂਤ ਰਹਿ ਕੇ ਦਿਮਾਗ ਤੋਂ ਕੰਮ ਲੈਣਾ ਚਾਹੀਦਾ ਹੈ ।

3. ਭੂਚਾਲ ਆਉਣ ਸਮੇਂ ਜੇਕਰ ਅਸੀਂ ਅੰਦਰ ਬੈਠੇ ਹੋਈਏ ਤਾਂ ਬਾਹਰ ਨੂੰ ਭੱਜਣ ਦੀ ਬਜਾਏ ਕਿਸੇ ਸਖ਼ਤ ਚੀਜ਼ ਜਿਵੇਂ ਮੇਜ਼, ਮੰਜੇ ਜਾਂ ਦਰਵਾਜ਼ੇ ਦੇ ਪਿੱਛੇ ਹੋ ਜਾਣਾ ਚਾਹੀਦਾ ਹੈ ।

4. ਭੂਚਾਲ ਆਉਣ ਸਮੇਂ ਜੇਕਰ ਅਸੀਂ ਬਾਹਰ ਹੋਈਏ ਤਾਂ ਖੁੱਲ੍ਹੀ ਜਗ੍ਹਾ ਵਿਚ ਚਲੇ ਜਾਣਾ ਚਾਹੀਦਾ ਹੈ ।

5. ਚਲਦੇ ਹੋਏ ਵਾਹਨ (ਕਾਰ, ਸਕੂਟਰ, ਬੱਸ ਆਦਿ) ਰੋਕ ਲੈਣੇ ਚਾਹੀਦੇ ਹਨ ।

6. ਭੂਚਾਲ ਨਾਲ ਪ੍ਰਭਾਵਿਤ ਆਵਾਜਾਈ, ਸੂਚਨਾ ਅਤੇ ਸੰਚਾਰ ਦੇ ਸਾਧਨਾਂ ਨੂੰ ਦੁਬਾਰਾ ਛੇਤੀ ਚਾਲੂ ਕੀਤਾ ਜਾਣਾ ਚਾਹੀਦਾ ਹੈ।

7. ਬੇਘਰ ਹੋਏ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨਾ ਸਰਕਾਰ ਦਾ ਮੁੱਖ ਫ਼ਰਜ਼ ਬਣ ਜਾਂਦਾ ਹੈ।

**12. ਜਵਾਲਾਮੁਖੀ ਅਤੇ ਸੁਨਾਮੀ ਤੋ ਬਚਾਅ ਵਾਸਤੇ ਕੀ-ਕੀ ਪ੍ਰਬੰਧ ਕਰਨੇ ਚਾਹੀਦੇ ਹਨ?**

ਉੱਤਰ- ਜਵਾਲਾਮੁਖੀ ਤੋਂ ਬਚਾਅ ਲਈ ਪ੍ਰਬੰਧ:-

1. ਜਵਾਲਾਮੁਖੀ ਵਿਸਫੋਟ ਸਥਾਨ ਦੇ ਨੇੜੇ ਘਰ ਜਾਂ ਹੋਰ ਇਮਾਰਤਾਂ ਨਹੀਂ ਬਣਾਉਣੀਆਂ ਚਾਹੀਦੀਆਂ।

2. ਜਵਾਲਾਮੁਖੀ ਫੱਟਣ ਤੋਂ ਕੁੱਝ ਦੇਰ ਪਹਿਲਾਂ ਕੁਝ ਨਿਸ਼ਾਨੀਆਂ ਦੇਖਣ ਤੇ ਹੀ ਇਸ ਸਥਾਨ ਤੋਂ ਬਹੁਤ ਦੂਰ ਚਲੇ ਜਾਣਾ ਚਾਹੀਦਾ ਹੈ।

3. ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦੀ ਹਾਲਤ ਵਿੱਚ ਸਰਕਾਰ ਨੂੰ ਲੋੜੀਂਦੀ ਮੈਡੀਕਲ ਅਤੇ ਹੋਰ ਮੱਦਦ ਲਈ ਤਿਆਰ ਰਹਿਣਾ ਚਾਹੀਦਾ ਹੈ।

**ਸੁਨਾਮੀ ਤੋਂ ਬਚ-ਬਚਾਅ:-**

1. ਜਦੋਂ ਵੀ ਸੁਨਾਮੀ ਬਾਰੇ ਸੂਚਨਾ ਮਿਲੇ ਤਾਂ ਸਮੁੰਦਰ ਵੱਲ ਨੂੰ ਨਹੀਂ ਜਾਣਾ ਚਾਹੀਦਾ।

2. ਸਮੁੰਦਰ ਵਿੱਚ ਚੱਲ ਰਹੇ ਸਮੁੰਦਰੀ ਜਹਾਜ਼ ਅਤੇ ਬੇੜਿਆਂ ਨੂੰ ਵਾਪਸ ਬੰਦਰਗਾਹ ‘ਤੇ ਆ ਜਾਣਾ ਚਾਹੀਦਾ ਹੈ।

3. ਜੇਕਰ ਸੁਨਾਮੀ ਬਹੁਤ ਤੇਜ਼ੀ ਨਾਲ ਸਮੁੰਦਰੀ ਤੱਟ ਵੱਲ ਆ ਰਹੀ ਹੋਵੇ ਤਾਂ ਤੱਟੀ ਇਲਾਕਿਆ ਵਿੱਚ ਰਹਿੰਦੇ ਲੋਕਾਂ ਨੂੰ ਉਹ ਜਗ੍ਹਾ ਛੱਡ ਕੇ ਦੂਰ ਕਿਤੇ ਹੋਰ ਸੁਰੱਖਿਅਤ ਜਗ੍ਹਾ ਤੇ ਚਲੇ ਜਾਣਾ ਚਾਹੀਦਾ ਹੈ।

**13. ਸੋਕੇ ਤੋਂ ਬਚਣ ਲਈ ਕਿਹੜੇ-ਕਿਹੜੇ ਕਦਮ ਉਠਾਏ ਜਾ ਸਕਦੇ ਹਨ?**

ਉੱਤਰ- 1. ਸੋਕੇ ਤੋ ਬਚਣ ਲਈ ਪਾਣੀ ਨੂੰ ਸ਼ੁਰੂ ਤੋਂ ਹੀ ਸਾਂਭ-ਸੰਭਾਲ ਨਾਲ ਵਰਤਣਾ ਚਾਹੀਦਾ ਹੈ ।

2. ਸੋਕਾ ਗ੍ਰਸਤ ਇਲਾਕੇ ਵਿਚ ਘੱਟ ਪਾਣੀ ਦੀ ਖਪਤ ਵਾਲੀਆਂ ਫ਼ਸਲਾਂ ਜਿਵੇਂ ਕਿ ਮੱਕੀ, ਬਾਜਰਾ ਅਤੇ ਦਾਲਾਂ ਆਦਿ ਹੀ ਬੀਜੀਆਂ ਜਾਣ।

3. ਵਰਖਾ ਦੇ ਪਾਣੀ ਨੂੰ ਤਲਾਬਾਂ ਜਾਂ ਡੈਮਾਂ ਵਿੱਚ ਸਟੋਰ ਕਰਕੇ ਮੁਸੀਬਤ ਦੇ ਸਮੇਂ ਵਾਸਤੇ ਰੱਖਿਆ ਜਾ ਸਕਦਾ ਹੈ।

4. ਵੱਧ ਤੋਂ ਵੱਧ ਦਰੱਖਤ ਲਗਾਉਣੇ ਚਾਹੀਦੇ ਹਨ, ਕਿਉਂਕਿ ਦਰੱਖ਼ਤ ਵਰਖਾ ਲਿਆਉਣ ਵਿੱਚ ਮੱਦਦ ਕਰਦੇ ਹਨ।

**14. ਕਿਹੜੇ-ਕਿਹੜੇ ਉਪਾਅ ਸਾਨੂੰ ਮਹਾਂਮਾਰੀ ਵਰਗੀ ਆਫ਼ਤ ਤੋਂ ਬਚਾਅ ਸਕਦੇ ਹਨ?**

ਉੱਤਰ- 1. ਸ਼ੁੱਧ ਹਵਾ, ਸਾਫ ਪਾਣੀ ਅਤੇ ਸਾਫ਼-ਸੁਥਰਾ ਆਲਾ-ਦੁਆਲਾ ਸਾਨੂੰ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਅ ਸਕਦਾ ਹੈ।

2. ਸ਼ਹਿਰਾਂ ਦੇ ਆਲੇ-ਦੁਆਲੇ ਗੰਦੀਆਂ ਬਸਤੀਆਂ ਦੇ ਵਿਕਾਸ ਨੂੰ ਰੋਕਣਾ ਚਾਹੀਦਾ ਹੈ।

3. ਪਿੰਡਾਂ, ਸ਼ਹਿਰਾਂ ਅਤੇ ਸਕੂਲਾਂ ਵਿੱਚ ਬਿਮਾਰੀਆਂ ਦੀ ਜਾਂਚ ਦਾ ਕੰਮ ਲਗਾਤਾਰ ਹੋਣਾ ਚਾਹੀਦਾ ਹੈ।

4. ਮਹਾਂਮਾਰੀ ਫੈਲਣ ਦੀ ਸੂਰਤ ਵਿੱਚ ਡਾਕਟਰੀ ਟੀਮਾਂ ਅਤੇ ਹਸਪਤਾਲਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

**15. ਰੈਗੂਲੇਟਿੰਗ ਐਕਟ ਤੋਂ ਕੀ ਭਾਵ ਹੈ?**

ਉੱਤਰ- ਭਾਰਤ ਵਿਚ ਈਸਟ ਇੰਡੀਆ ਕੰਪਨੀ ਦੇ ਕੰਮਾਂ ਦੀ ਜਾਂਚ ਕਰਨ ਲਈ 1773 ਈ. ਵਿਚ ਰੈਗੂਲੇਟਿੰਗ ਐਕਟ ਪਾਸ ਕੀਤਾ ਗਿਆ। ਇਸ ਐਕਟ ਦੇ ਅਨੁਸਾਰ ਬੰਗਾਲ ਵਿਚ ਗਵਰਨਰ ਜਨਰਲ ਅਤੇ ਚਾਰ ਮੈਂਬਰਾਂ ਦੀ ਕੌਂਸਲ ਸਥਾਪਿਤ ਕੀਤੀ ਗਈ, ਜਿਸ ਨੂੰ ਸ਼ਾਸ਼ਨ ਪ੍ਰਬੰਧ ਦੇ ਸਾਰੇ ਮਾਮਲਿਆਂ ਦੇ ਫੈਸਲੇ ਕਰਨ ਦਾ ਅਧਿਕਾਰ ਦਿੱਤਾ ਗਿਆ।

**16. ਪਿਟਸ ਇੰਡੀਆ ਐਕਟ ਤੇ ਨੋਟ ਲਿਖੋ।**

ਉੱਤਰ- ਪਿਟਸ ਇੰਡੀਆ ਐਕਟ 1784 ਅਧੀਨ ਸਿਵਿਲ,ਸੈਨਿਕ ਅਤੇ ਆਰਥਿਕ ਕੰਮਾਂ ਉੱਤੇ ਕਾਬੂ ਪਾਉਣ ਲਈ ਇੰਗਲੈਂਡ ਵਿੱਚ ਬੋਰਡ ਆਫ ਕੰਟਰੋਲ ਸਥਾਪਿਤ ਕੀਤਾ ਗਿਆ। ਜਿਸ ਦੇ 6 ਮੈਂਬਰ ਸਨ। ਗਵਰਨਰ ਜਨਰਲ ਦੀ ਕੌਂਸਿਲ ਦੇ ਮੈਂਬਰਾਂ ਦੀ ਗਿਣਤੀ 4 ਦੀ ਥਾਂ 3 ਕਰ ਦਿੱਤੀ ਗਈ।ਬੰਬਈ ਅਤੇ ਮਦਰਾਸ ਦੇ ਗਵਰਨਰ ਪੂਰੀ ਤਰ੍ਹਾਂ ਨਾਲ ਗਵਰਨਰ ਜਨਰਲ ਦੇ ਅਧੀਨ ਹੋ ਗਏ।

**17. 1858 ਈ. ਤੋਂ ਬਾਅਦ ਸੈਨਾ ਵਿਚ ਕਿਹੜੀਆਂ ਤਬਦੀਲੀਆਂ ਕੀਤੀਆਂ ਗਈਆਂ?**

ਉੱਤਰ- 1. ਅੰਗਰੇਜ਼ ਸੈਨਿਕਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਗਿਆ।

2. ਤੋਪਖਾਨੇ ਵਿੱਚ ਕੇਵਲ ਅੰਗਰੇਜ਼ਾਂ ਨੂੰ ਨਿਯੁਕਤ ਕੀਤਾ ਜਾਣ ਲੱਗਾ।
3. ਯੂ.ਪੀ ਦੇ ਬ੍ਰਾਹਮਣਾਂ ਦੀ ਬਜਾਏ ਸਿੱਖਾਂ ਅਤੇ ਗੋਰਖਿਆਂ ਨੂੰ ਸੈਨਾ ਵਿਚ ਭਰਤੀ ਕੀਤਾ ਜਾਣ ਲੱਗਾ।
4. ਭਾਰਤੀ ਅਤੇ ਯੂਰਪੀਅਨ ਸੈਨਿਕਾਂ ਦੀ ਗਿਣਤੀ ਵਿੱਚ 2:1 ਦਾ ਅਨੁਪਾਤ ਕਰ ਦਿੱਤਾ ਗਿਆ।
5. ਧਰਮ ਅਤੇ ਜਾਤ ਦੇ ਆਧਾਰ ਤੇ ਸੈਨਿਕ ਟੁਕੜੀਆਂ ਸਥਾਪਿਤ ਕੀਤੀਆਂ ਗਈਆਂ।

**18. ਨਿਆਂ ਵਿਵਸਥਾ ਤੇ ਨੋਟ ਲਿਖੋ।**

ਉੱਤਰ :- ਵਾਰਨ ਹੇਸਟਿੰਗਜ਼ ਨੇ ਜ਼ਿਲ੍ਹਿਆਂ ਵਿਚ ਦੀਵਾਨੀ ਅਦਾਲਤਾਂ ਅਤੇ ਸਦਰ ਨਿਜ਼ਾਮਤ ਅਦਾਲਤਾਂ ਸਥਾਪਿਤ ਕੀਤੀਆਂ। ਕਲਕੱਤੇ ਵਿੱਚ ਸਰਵਉੱਚ ਅਦਾਲਤ ਦੀ ਸਥਾਪਨਾ ਕੀਤੀ ਗਈ, ਜਿਸ ਦੇ ਜੱਜਾਂ ਦੇ ਮਾਰਗ ਦਰਸ਼ਨ ਲਈ ਲਾਰਡ ਕਾਰਨਵਾਲਿਸ ਨੇ 'ਕਾਰਨਵਾਲਿਸ ਕੋਡ' ਨਾਮ ਦੀ ਇੱਕ ਪੁਸਤਕ ਤਿਆਰ ਕਰਵਾਈ।

**19.ਪੱਛਮੀ ਸਿੱਖਿਆ ਪ੍ਰਣਾਲੀ ਦੇ ਪ੍ਰਭਾਵ ਲਿਖੋ ?**

ਉੱਤਰ:- 1. ਪੱਛਮੀ ਸਿੱਖਿਆ ਪ੍ਰਣਾਲੀ ਨਾਲ ਭਾਰਤੀ ਕਲਰਕੀ ਸੱਭਿਆਚਾਰ ਉਤਪੰਨ ਹੋਇਆ।

2. ਪੱਛਮੀ ਸਿੱਖਿਆ ਮਹਿੰਗੀ ਹੋਣ ਕਰਕੇ, ਜ਼ਿਆਦਤਰ ਲੋਕ ਅਨਪੜ੍ਹ ਰਹੇ ।
3. ਭਾਰਤੀ ਭਾਸ਼ਾਵਾਂ ਦਾ ਵਿਸ਼ੇਸ਼ ਵਿਕਾਸ ਨਾ ਹੋਇਆ ।
4. ਪੱਛਮੀ ਸਿੱਖਿਆ ਨਾਲ ਭਾਰਤ ਵਿੱਚ ਪ੍ਰਚੱਲਿਤ ਕਈ ਅੰਧ ਵਿਸ਼ਵਾਸਾਂ ਨੂੰ ਖਤਮ ਕੀਤਾ ਜਾ ਸਕਿਆ।
5. ਪੱਛਮੀ ਸਿੱਖਿਆ ਕਾਰਨ ਹੀ ਭਾਰਤੀਆਂ ਨੇ ਦੂਜੇ ਦੇਸ਼ਾ ਦਾ ਇਤਿਹਾਸ ਪੜ੍ਹਿਆ ਅਤੇ ਭਾਰਤ ਨੂੰ ਅਜ਼ਾਦ ਕਰਾਉਣ ਵਿੱਚ ਯੋਗਦਾਨ ਪਾਇਆ।

**20. ਆਧੁਨਿਕ ਸਿੱਖਿਆ ਪ੍ਰਣਾਲੀ ਵਿੱਚ ਹੇਠ ਲਿਖੇ ਵਿਦਵਾਨਾਂ ਦੇ ਯੋਗਦਾਨ ਬਾਰੇ ਦੱਸੋ?**

ਉਤਰ:- **1.ਰਾਜਾ ਰਾਮ ਮੋਹਨ ਰਾਏ**:- ਰਾਜਾ ਰਾਮ ਮੋਹਨ ਰਾਏ ਭਾਰਤੀਆਂ ਨੂੰ ਪੱਛਮੀ ਸਿੱਖਿਆ ਦੇਣ ਦੇ ਹੱਕ ਵਿੱਚ ਸਨ। ਉਹਨਾਂ ਨੇ ਦੋ ਸਮਾਚਾਰ ਪੱਤਰ ਕੱਢੇ ਅਤੇ ਵਿਆਕਰਣ, ਭੂਗੋਲ, ਖਗੋਲ-ਵਿਗਿਆਨ, ਬੀਜ ਗਣਿਤ ਆਦਿ ਵਿਸ਼ਿਆਂ ਦੀਆਂ ਬੰਗਾਲੀ ਭਾਸ਼ਾ ਵਿੱਚ ਪੁਸਤਕਾਂ ਲਿਖੀਆਂ। ਉਹਨਾਂ ਨੇ ਆਪ ਖਰਚ ਕਰਕੇ ਕੱਲਕੱਤਾ ਵਿਖੇ ਇੱਕ ਅੰਗਰੇਜ਼ੀ ਸਕੂਲ ਅਤੇ ਵੇਦਾਂਤ ਕਾਲਜ ਸਥਾਪਿਤ ਕੀਤਾ।

**2.ਸਵਾਮੀ ਦਯਾਨੰਦ ਸਰਸਵਤੀ:-** ਸਵਾਮੀ ਦਯਾਨੰਦ ਸਰਸਵਤੀ ਜੀ ਸੰਸਕ੍ਰਿਤ, ਵੈਦਿਕ ਸਿੱਖਿਆ ਦੇਣ ਦੇ ਨਾਲ-ਨਾਲ ਪੱਛਮੀ ਸਿੱਖਿਆ ਦੇਣ ਦੇ ਹੱਕ ਵਿੱਚ ਵੀ ਸਨ। ਉਹਨਾਂ ਨੇ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿੱਚ ਬਹੁਤ ਸਾਰੇ ਸਕੂਲਾਂ,ਕਾਲਜਾਂ ਅਤੇ ਗੁਰੂਕੁਲਾਂ ਦੀ ਸਥਾਪਨਾ ਕੀਤੀ। 1886 ਵਿੱਚ ਦਯਾਨੰਦ ਸਰਸਵਤੀ ਦੀ ਮੌਤ ਪਿੱਛੋਂ ਉਹਨਾਂ ਦੀ ਯਾਦ ਵਿੱਚ ਦਯਾਨੰਦ-ਐਂਗਲੋ-ਵੈਦਿਕ ਸਕੂਲ, ਕਾਲਜ ਖੋਲ੍ਹਿਆ ਗਿਆ।

**3) ਸਵਾਮੀ ਵਿਵੇਕਾਨੰਦ:-** ਸਵਾਮੀ ਵਿਵੇਕਾਨੰਦ ਜੀ ਨੇ ਰਾਮਾ ਕ੍ਰਿਸ਼ਨ ਮਿਸ਼ਨ ਦੀ ਸਥਾਪਨਾ ਕੀਤੀ। ਇਸ ਮਿਸ਼ਨ ਨੇ ਸਮਾਜ ਦਾ ਸੁਧਾਰ ਕਰਨ ਲਈ ਅਨੇਕਾਂ ਸਕੂਲ, ਕਾਲਜ, ਲਾਇਬ੍ਰੇਰੀਆਂ, ਹਸਪਤਾਲ ਅਤੇ ਯਤੀਮਖਾਨੇ ਸਥਾਪਿਤ ਕੀਤੇ ।

**4) ਈਸ਼ਵਰ ਚੰਦਰ ਵਿਦਿਆਸਾਗਰ:-** ਈਸ਼ਵਰ ਚੰਦਰ ਵਿਦਿਆ ਸਾਗਰ ਨੇ ਬੰਗਾਲੀ ਭਾਸ਼ਾ ਵਿੱਚ 'ਪ੍ਰੀਮਰ ਵਰਨਾ ਪ੍ਰੀਚਿਆ' ਨਾਂ ਦੀ ਪੁਸਤਕ ਲਿਖੀ ਜਿਸ ਵਿੱਚ ਭਾਸ਼ਾ ਸਿੱਖਣਾ ਆਸਾਨ ਬਣਾਇਆ ਗਿਆ। ਉਹਨਾਂ ਨੇ ਲੜਕੀਆਂ ਦੀ ਸਿੱਖਿਆ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ ਸੀ |

**21. ਜੋਤਿਬਾ ਫੂਲੇ ਨੇ ਨੀਵੀਂ ਜਾਤੀ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ ਕਿਹੜੇ ਕਾਰਜ ਕੀਤੇ?**

ਉੱਤਰ:- ਜੋਤਿਬਾ ਫੂਲੇ ਨੇ ਸਭ ਤੋਂ ਪਹਿਲਾਂ ਨੀਵੀਂ ਜਾਤੀ ਦੀਆਂ ਲੜਕੀਆਂ ਦੀ ਪੜ੍ਹਾਈ ਲਈ ਪੂਨੇ ਵਿੱਚ ਤਿੰਨ ਸਕੂਲ ਖੋਲ੍ਹੇ । ਉਹਨਾਂ ਨੇ ਆਪਣੇ ਭਾਸ਼ਣਾਂ ਅਤੇ ਪ੍ਰਕਾਸ਼ਿਤ ਕੀਤੀਆਂ ਦੋ ਪੁਸਤਕਾਂ ਦੁਆਰਾ ਬ੍ਰਾਹਮਣਾਂ ਅਤੇ ਪ੍ਰੋਹਿਤਾਂ ਵਲੋਂ ਕਈ ਤਰ੍ਹਾਂ ਦੀਆਂ ਰੀਤੀ-ਰਿਵਾਜ਼ਾਂ ਦੁਆਰਾ ਨੀਵੀਆਂ ਜਾਤੀਆਂ ਦੇ ਲੋਕਾਂ 'ਤੇ ਹੋ ਰਹੇ ਆਰਥਿਕ ਸ਼ੋਸ਼ਣ ਦੀ ਨਿੰਦਾ ਕੀਤੀ। ਜੋਤਿਬਾ ਫੂਲੇ ਨੇ 24 ਸਤੰਬਰ 1873 ਈ. ਨੂੰ **ਸੱਤਿਆ ਸ਼ੋਧਕ ਸਮਾਜ** ਨਾਂ ਦੀ ਸੰਸਥਾ ਸਥਾਪਿਤ ਕੀਤੀ। ਉਹਨਾਂ ਨੇ ਨੀਵੀਂ ਜਾਤੀ ਦੇ ਗਰੀਬ ਕਿਸਾਨਾਂ ਅਤੇ ਕਾਸ਼ਤਕਾਰਾਂ ਦੀ ਹਾਲਤ ਸੁਧਾਰਨ ਦੇ ਲਈ ਸਰਕਾਰ ਨੂੰ ਅਪੀਲ ਕੀਤੀ ਕਿ ਉਹਨਾਂ ਤੋਂ ਜਾਇਜ਼ ਭੂਮੀਕਰ ਲਿਆ ਜਾਵੇ।

**22. ਸਮਾਜ ਸੁਧਾਰਕਾਂ ਨੇ ਜਾਤੀ-ਪ੍ਰਥਾ ਨੂੰ ਹੀ ਨਿਸ਼ਾਨਾ ਕਿਉਂ ਬਣਾਇਆ?**

ਉੱਤਰ:- ਨੀਵੀਆਂ ਜਾਤੀਆਂ ਦੇ ਲੋਕਾਂ ਨੂੰ 'ਅਛੂਤ' ਸਮਝਿਆ ਜਾਂਦਾ ਸੀ। ਉਹਨਾਂ ਲੋਕਾਂ ਨੂੰ ਝਾੜੂ ਲਗਾ ਕੇ ਸਫ਼ਾਈ ਕਰਨ, ਜੁੱਤੀਆਂ ਬਣਾਉਣ, ਮਰੇ ਹੋਏ ਪਸ਼ੂਆਂ ਨੂੰ ਚੁੱਕਣ ਅਤੇ ਉਹਨਾਂ ਦੀ ਖੱਲ ਉਤਾਰਨ, ਚਮੜਾ ਬਣਾਉਣ ਆਦਿ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਸੀ। ਉੱਚੀਆਂ ਜਾਤੀਆਂ ਦੇ ਲੋਕਾਂ ਦੁਆਰਾ ਨੀਵੀਆਂ ਜਾਤੀਆਂ ਦੇ ਲੋਕਾਂ ਉੱਤੇ ਕੀਤੇ ਜਾ ਰਹੇ ਅੱਤਿਆਚਾਰਾਂ ਨੂੰ ਖ਼ਤਮ ਕਰਨ ਲਈ ਸਮਾਜ ਸੁਧਾਰਕਾਂ ਨੇ ਜਾਤੀ-ਪ੍ਰਥਾ ਨੂੰ ਨਿਸ਼ਾਨਾ ਬਣਾਇਆ ।

**23. ਵੀਰ ਸਲਿੰਗਮ ਨੂੰ ਅਜੋਕੇ ਆਂਧਰਾ ਪ੍ਰਦੇਸ਼ ਦੇ ਪੈਗੰਬਰ ਕਿਉਂ ਕਿਹਾ ਜਾਂਦਾ ਹੈ?**

ਉੱਤਰ:- ਵੀਰ ਸਲਿੰਗਮ ਸਮਾਜ ਸੁਧਾਰਕ ਨੂੰ ਆਂਧਰਾ ਪ੍ਰਦੇਸ਼ ਦਾ ਪੈਗੰਬਰ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਨੇ ਇਸਤਰੀਆਂ ਨੂੰ ਪੁਰਸ਼ਾਂ ਬਰਾਬਰ ਅਧਿਕਾਰ ਦੇਣ, ਵਿਧਵਾ ਪੁਨਰ ਵਿਆਹ ਅਤੇ ਅੰਤਰਜਾਤੀ ਵਿਆਹ ਦੇ ਪੱਖ ਵਿੱਚ ਪ੍ਰਚਾਰ ਕੀਤਾ। ਉਨ੍ਹਾਂ ਨੇ ਸਾਰੀ ਉਮਰ ਸਮਾਜ ਸੇਵਾ, ਸਮਾਜ ਸੁਧਾਰ ਅਤੇ ਨੀਵੀਆਂ ਜਾਤੀਆਂ ਦੇ ਲੋਕਾਂ ਦੀ ਹਾਲਤ ਸੁਧਾਰਨ ਸੰਬੰਧੀ ਵਿਸ਼ੇਸ ਯੋਗਦਾਨ ਪਾਇਆ ।

**24. ਮਹਾਤਮਾ ਗਾਂਧੀ ਜੀ ਦੁਆਰਾ ਨੀਵੀਂ ਜਾਤੀ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ ਕੀਤੇ ਗਏ ਕਾਰਜਾਂ ਦਾ ਵਰਣਨ ਕਰੋ?**

ਉੱਤਰ:- 1920 ਈ. ਵਿੱਚ ਨਾਗਪੁਰ ਵਿਖੇ ਹੋਈ ਨੀਵੀਆਂ ਜਾਤੀਆਂ ਦੇ ਲੋਕਾਂ ਦੀ ਕਾਨਫ਼ਰੰਸ ਵਿੱਚ ਮਹਾਤਮਾ ਗਾਂਧੀ ਜੀ ਨੇ ਛੂਤ-ਛਾਤ ਦੀ ਨਿੰਦਾ ਕੀਤੀ। ਕਾਂਗਰਸੀ ਸੰਸਥਾਵਾਂ ਨੂੰ ਆਦੇਸ਼ ਦਿੱਤਾ ਕਿ ਉਹ ਨੀਵੀਆਂ ਜਾਤੀਆਂ ਦੇ ਲੋਕਾਂ ਦੀ ਭਲਾਈ ਲਈ ਉਹਨਾਂ ਨੂੰ ਸੰਗਠਿਤ ਕਰਨ ਅਤੇ ਨਾਲ ਹੀ ਨਾਲ ਉਹਨਾਂ ਦੀ ਸਮਾਜਿਕ, ਮਾਨਸਿਕ ਅਤੇ ਨੈਤਿਕ ਹਾਲਤ ਸੁਧਾਰਨ ਲਈ ਯਤਨ ਕਰਨ। ਮਹਾਤਮਾ ਗਾਂਧੀ ਜੀ ਨੇ ਨੀਵੀਆਂ ਜਾਤੀਆਂ ਦੇ ਲੋਕਾਂ ਲਈ ਵਰਤੇ 'ਹਰੀਜਨ' ਸ਼ਬਦ ਦੀ ਵਰਤੋਂ ਕਰਨੀ ਸ਼ੁਰੂ ਕੀਤੀ ਜਿਸ ਦਾ ਭਾਵ ਅਰਥ ਹੈ "ਈਸ਼ਵਰ ਦੇ ਬੱਚੇ। ਉਹਨਾਂ ਨੇ ਜਿਹੜੇ ਸਥਾਨਾਂ ਦਾ ਦੌਰਾ ਕੀਤਾ ਉੱਥੇ ਕਿਹਾ ਕਿ ਸਕੂਲ, ਸੜਕਾਂ ਅਤੇ ਖੂਹ ਅਛੂਤਾਂ ਲਈ ਖੋਲੇ ਜਾਣ ਅਤੇ ਸਾਰੇ ਮਨੁੱਖਾਂ ਨੂੰ ਬਰਾਬਰ ਸਮਝਣ ਦਾ ਪ੍ਰਚਾਰ ਕੀਤਾ ਹੈ।

**25. ਸਾਈਮਨ ਕਮਿਸ਼ਨ ਬਾਰੇ ਤੁਸੀਂ ਕੀ ਜਾਣਦੇ ਹੋ?**

ਉੱਤਰ:- **ਸਾਈਮਨ ਕਮਿਸ਼ਨ:-** ਅੰਗਰੇਜ਼ੀ ਸਰਕਾਰ ਨੇ 1919 ਈ. ਦੇ ਸੁਧਾਰ ਐਕਟ ਦਾ ਜਾਇਜਾ ਲੈਣ ਲਈ 1928 ਈ. ਵਿੱਚ ਸਾਈਮਨ ਕਮਿਸ਼ਨ ਭਾਰਤ ਵਿੱਚ ਭੇਜਿਆ, ਜਿਸ ਦੇ 7 ਮੈਂਬਰ ਅੰਗਰੇਜ਼ ਹੀ ਸਨ। ਇਸ ਲਈ ਇਸ ਕਮਿਸ਼ਨ ਦਾ ਵਿਰੋਧ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਕਾਲੀਆਂ ਝੰਡੀਆਂ ਨਾਲ ਅਤੇ "ਸਾਈਮਨ ਵਾਪਸ ਜਾਓ' ਦੇ ਨਾਅਰਿਆਂ ਨਾਲ ਕੀਤਾ ਗਿਆ। ਪੁਲਿਸ ਨੇ ਇਹਨਾਂ ਅੰਦੋਲਨ ਕਰਨ ਵਾਲੇ ਲੋਕਾਂ ਤੇ ਲਾਠੀਚਾਰਜ ਕੀਤਾ। ਸਿੱਟੇ ਵਜੋਂ ਲਾਲਾ ਲਾਜਪੱਤ ਰਾਏ ਜ਼ਖਮੀ ਹੋ ਗਏ ਅਤੇ ਉਹਨਾਂ ਦੀ ਮੌਤ ਹੋ ਗਈ।

**26. ਭਾਰਤ ਛੱਡੋ ਅੰਦੋਲਨ ਕੀ ਹੈ?**

ਉੱਤਰ:- ਦੂਜੇ ਵਿਸ਼ਵ ਯੁੱਧ ਪਿੱਛੋਂ 8 ਅਗਸਤ 1942 ਈ. ਨੂੰ ਗਾਂਧੀ ਜੀ ਨੇ ਭਾਰਤ ਛੱਡੋ ਅੰਦੋਲਨ ਸ਼ੁਰੂ ਕੀਤਾ। ਅੰਗਰੇਜ਼ ਸਰਕਾਰ ਨੇ 9 ਅਗਸਤ, 1942 ਨੂੰ ਗਾਂਧੀ ਜੀ ਅਤੇ ਕਾਂਗਰਸ ਦੇ ਹੋਰ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਖਬਰ ਸੁਣ ਕੇ ਗੁੱਸੇ ਵਿੱਚ ਆ ਕੇ ਲੋਕਾਂ ਨੇ ਥਾਂ-ਥਾਂ ਤੇ ਪੁਲਿਸ ਥਾਣਿਆਂ, ਸਰਕਾਰੀ ਭਵਨਾਂ, ਡਾਕਖਾਨਿਆਂ ਅਤੇ ਰੇਲਵੇ ਸਟੇਸ਼ਨਾਂ ਆਦਿ ਨੂੰ ਨੁਕਸਾਨ ਪਹੁੰਚਾਇਆ। ਪਰੰਤੂ ਅੰਗਰੇਜ਼ੀ ਸਰਕਾਰ ਅੰਦੋਲਨਕਾਰੀਆਂ ਨੂੰ ਦਬਾਉਣ ਵਿੱਚ ਸਫਲ ਨਾ ਹੋ ਸਕੀ।

**27. ਆਜ਼ਾਦ ਹਿੰਦ ਫੌਜ 'ਤੇ ਨੋਟ ਲਿਖੋ।**

ਉੱਤਰ:- ਆਜ਼ਾਦ ਹਿੰਦ ਫੌਜ ਸੁਭਾਸ਼ ਚੰਦਰ ਬੋਸ ਰਾਸ਼ਟਰੀ ਅੰਦੋਲਨ ਦਾ ਇਕ ਹੋਰ ਪ੍ਰਸਿੱਧ ਨੇਤਾ ਸੀ। ਉਸ ਨੇ ਭਾਰਤ ਨੂੰ ਅੰਗਰੇਜ਼ਾਂ ਕੋਲੋਂ ਆਜ਼ਾਦ ਕਰਾਉਣ ਲਈ ਇਕ ਆਜ਼ਾਦ ਹਿੰਦ ਫੌਜ਼ ਦੀ ਸਥਾਪਨਾ ਕੀਤੀ। ਇਸ ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਜਾਪਾਨ ਦੁਆਰਾ

ਕੈਦ ਕੀਤੇ ਗਏ ਭਾਰਤੀ ਸੈਨਿਕ ਸ਼ਾਮਲ ਸਨ। ਪਰੰਤੂ 1943 ਈ. ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਜਾਪਾਨ ਦੀ ਹਾਰ ਹੋ ਗਈ। ਇਸ ਕਰਕੇ ਆਜ਼ਾਦ ਹਿੰਦ ਫੌਜ ਭਾਰਤ ਨੂੰ ਆਜ਼ਾਦ ਕਰਾਉਣ ਵਿੱਚ ਅਸਫਲ ਰਹੀ। ਇਸ ਦੇ ਨੇਤਾ ਸੁਭਾਸ਼ ਚੰਦਰ ਬੋਸ ਦੀ 1945 ਈ. ਵਿੱਚ ਇਕ ਹਵਾਈ ਜਹਾਜ਼ ਦੁਰਘਟਨਾ ਵਿੱਚ ਮੌਤ ਹੋ ਗਈ। ਅੰਗਰੇਜ਼ਾਂ ਨੇ ਆਜ਼ਾਦ ਹਿੰਦ ਫੌਜ ਦੇ ਸੈਨਿਕਾਂ ਨੂੰ ਕੈਦ ਕਰ ਲਿਆ। ਭਾਰਤੀ ਲੋਕਾਂ ਨੇ ਸਾਰੇ ਦੇਸ਼ ਵਿੱਚ ਹੜਤਾਲਾਂ ਕੀਤੀਆਂ ਅਤੇ ਜਲਸੇ ਕੀਤੇ। ਅੰਤ ਵਿੱਚ ਅੰਗਰੇਜ਼ਾਂ ਨੇ ਆਜ਼ਾਦ ਹਿੰਦ ਫੌਜ ਦੇ ਸਾਰੇ ਸੈਨਿਕਾਂ ਨੂੰ ਛੱਡ ਦਿੱਤਾ।

**28. ਗੁੱਟ-ਨਿਰਲੇਪ ਤੇ ਨੋਟ ਲਿਖੋ?**

ਉੱਤਰ:- ਦੂਜੇ ਵਿਸ਼ਵ ਯੁੱਧ ਤੋਂ ਜਲਦੀ ਪਿੱਛੋਂ ਸੰਸਾਰ ਦੇ ਦੇਸ਼ ਇੱਕ ਦੂਜੇ ਦਾ ਵਿਰੋਧ ਕਰਨ ਦੇ ਅਧਾਰ ‘ਤੇ ਦੋ ਗੁੱਟਾਂ ਪੱਛਮੀ ਬਲਾਕ (ਜਿਸ ਦਾ ਨੇਤਾ ਅਮਰੀਕਾ ਸੀ) ਅਤੇ ਪੂਰਬੀ ਬਲਾਕ (ਜਿਸ ਦਾ ਨੇਤਾ ਰੂਸ ਸੀ) ਵਿੱਚ ਵੰਡੇ ਗਏ। ਦੋਹਾਂ ਗੁੱਟਾਂ ਵਿਚਕਾਰ ਭਿਆਨਕ ਸ਼ੀਤ ਯੁੱਧ ਹੋਇਆ। ਭਾਰਤ ਕਿਸੇ ਵੀ ਸ਼ਕਤੀ ਗੁੱਟ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦਾ ਸੀ। ਇਸ ਲਈ ਭਾਰਤ ਨੇ ਦੂਜੇ ਦੇਸ਼ਾਂ ਨਾਲ ਮਿਲਕੇ ਗੁੱਟ-ਨਿਰਲੇਪ ਲਹਿਰ ਸ਼ੁਰੂ ਕੀਤੀ, ਜਿਸ ਦੇ ਪਿਤਾਮਾ ਪੰਡਿਤ ਜਵਾਹਰ ਲਾਲ ਨਹਿਰੂ, ਯੋਗੋਸਲਾਵੀਆ ਦੇ ਰਾਸ਼ਟਰਪਤੀ ਟੀਟੋ ਅਤੇ ਮਿਸਰ ਦੇ ਰਾਸ਼ਟਰਪਤੀ ਨੇਸਰ ਸਨ। ਗੁੱਟ-ਨਿਰਲੇਪ ਲਹਿਰ 1961 ਈ. ਵਿੱਚ ਸ਼ੁਰੂ ਕੀਤੀ ਗਈ। ਇਹ ਪੰਚਸ਼ੀਲ ਸਿਧਾਂਤਾਂ ਤੇ ਅਧਾਰਿਤ ਸੀ। ਇਸ ਦੇ ਸਾਰੇ ਮੈਂਬਰ ਕਿਸੇ ਵੀ ਸ਼ਕਤੀ ਗੁੱਟ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਸਨ। ਇਸ ਦੀ ਪਹਿਲੀ ਕਾਨਫਰੰਸ 1961 ਈ. ਵਿੱਚ ਬੈਲਗ੍ਰੇਡ ਵਿੱਚ ਹੋਈ। ਸ਼ੁਰੂ ਵਿੱਚ ਇਸ ਦੇ 25 ਦੇਸ਼ ਮੈਂਬਰ ਸਨ। ਹੁਣ 100 ਤੋਂ ਵੱਧ ਦੇਸ਼ ਇਸ ਦੇ ਮੈਂਬਰ ਹਨ।

**29. ਵਿਦੇਸ਼ ਨੀਤੀ ਬਾਰੇ ਤੁਹਾਡਾ ਕੀ ਭਾਵ ਹੈ?**

ਉੱਤਰ:- ਭਾਰਤ ਦੀ ਵਿਦੇਸ਼ ਨੀਤੀ ਭਾਰਤ ਨੇ ਆਜ਼ਾਦੀ ਪ੍ਰਾਪਤ ਕਰਨ ਤੋਂ ਪਿੱਛੋਂ ਸ਼ਾਂਤਮਈ ਸਹਿਹੋਂਦ ਸਿਧਾਂਤ ਤੇ ਅਧਾਰਿਤ ਅਨੋਖੀ ਵਿਦੇਸ਼ੀ ਨੀਤੀ ਅਪਣਾਈ ਹੈ। ਭਾਰਤ ਸਾਰੇ ਸੰਸਾਰ ਦੇ ਦੇਸ਼ਾਂ ਦੀ ਪ੍ਰਭੂਸੱਤਾ ਅਤੇ ਸੁਤੰਤਰਤਾ ਦਾ ਸਤਿਕਾਰ ਕਰਦਾ ਹੈ। ਭਾਰਤ ਇਸ ਗੱਲ ਵਿੱਚ ਵਿਸ਼ਵਾਸ ਕਰਦਾ ਹੈ ਕਿ ਸਾਰੇ ਧਰਮਾਂ, ਰਾਸ਼ਟਰਾਂ ਅਤੇ ਜਾਤੀਆਂ ਦੇ ਲੋਕ ਬਰਾਬਰ ਹਨ। ਇਹ ਦੇਸ਼ ਉਹਨਾਂ ਦੇਸ਼ਾਂ ਦੇ ਵਿਰੁੱਧ ਸੀ, ਜਿਨ੍ਹਾਂ ਦੀ ਸਰਕਾਰ ਰੰਗ, ਜਾਤੀ ਜਾਂ ਸ਼੍ਰੇਣੀ ਦੇ ਅਧਾਰ ਤੇ ਲੋਕਾਂ ਨਾਲ ਵਿਤਕਰਾ ਕਰਦੀ ਸੀ। ਭਾਰਤ ਇਸ ਗੱਲ ਵਿੱਚ ਵੀ ਵਿਸ਼ਵਾਸ ਕਰਦਾ ਹੈ ਕਿ ਸਾਰੇ ਅੰਤਰ ਰਾਸ਼ਟਰੀ ਝਗੜਿਆਂ ਦਾ ਨਿਪਟਾਰਾ ਸ਼ਾਂਤਮਈ ਢੰਗਾਂ ਨਾਲ ਕੀਤਾ ਜਾ ਸਕਦਾ ਹੈ।

**30. ਸੰਪ੍ਰਦਾਇਕਤਾ ’ਤੇ ਨੋਟ ਲਿਖੋ।**

ਉੱਤਰ: ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ। ਇੱਥੇ ਸਾਰੇ ਧਰਮਾਂ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਦੇ ਅਲੱਗ-ਅਲੱਗ ਧਾਰਮਿਕ ਵਿਸ਼ਵਾਸ ਹਨ। ਇਹਨਾਂ ਲੋਕਾਂ ਨੇ ਫਿਰਕੂ ਦੰਗੇ ਫਸਾਦ ਉਤਪੰਨ ਕੀਤੇ ਹਨ। ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਸਰਕਾਰ ਨੂੰ ਕੁੱਝ ਘੱਟ ਗਿਣਤੀ ਵਾਲੇ ਲੋਕਾਂ ਵੱਲ ਧਿਆਨ ਦੇਣ ਦੀ ਲੋੜ ਹੈ।

**31. ਭਾਰਤ ਅਤੇ ਪਾਕਿਸਤਾਨ ਦੇ ਸੰਬੰਧਾਂ ਦਾ ਸੰਖੇਪ ਵਰਣਨ ਕਰੋ?**

ਉੱਤਰ:- ਪਾਕਿਸਤਾਨ ਸਾਡੇ ਭਾਰਤ ਦੇ ਗੁਆਂਢੀ ਦੇਸ਼ਾਂ ਵਿੱਚੋਂ ਇੱਕ ਹੈ। ਭਾਰਤ ਇਸ ਨਾਲ ਆਪਣੇ ਮਿੱਤਰਤਾਪੂਰਨ ਸੰਬੰਧ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਦੇਸੀ ਰਿਆਸਤ ਕਸ਼ਮੀਰ ਦਾ ਭਾਰਤ ਨਾਲ ਏਕੀਕਰਣ ਕਰਨ ਨੂੰ ਪਾਕਿਸਤਾਨ ਦੁਆਰਾ ਮਾਨਤਾ ਨਹੀਂ ਦਿੱਤੀ ਗਈ ਸੀ। ਕਸ਼ਮੀਰ ਮਸਲੇ ਕਾਰਨ ਭਾਰਤ ਨੇ ਪਾਕਿਸਤਾਨ ਨਾਲ ਤਿੰਨ ਪ੍ਰਮੁੱਖ ਅਤੇ ਕਈ ਛੋਟੇ-ਮੋਟੇ ਯੁੱਧ ਲੜੇ ਹਨ। 1972 ਵਿੱਚ ਦੋਹਾਂ ਦੇਸ਼ਾ ਵਿਚਕਾਰ ਸ਼ਿਮਲਾ ਸਮਝੌਤਾ ਵੀ ਹੋਇਆ ਸੀ ਜਿਸ ਦਾ ਉਦੇਸ਼ **ਭਾਰਤ ਅਤੇ ਪਾਕਿਸਤਾਨ ਵਿਚਕਾਰ ਸਾਰੇ ਝਗੜਿਆਂ ਦਾ ਸ਼ਾਤੀਪੂਰਵਕ ਹੱਲ** ਕਰਨਾ ਸੀ। ਹੁਣ ਤੋਂ ਥੋੜ੍ਹੇ ਸਾਲ ਪਹਿਲਾਂ ਹੀ ਦੋਹਾਂ ਦੇਸ਼ਾਂ ਵਿੱਚਕਾਰ ਬੱਸ ਅਤੇ ਰੇਲ ਸਰਵਿਸ ਸ਼ੁਰੂ ਕੀਤੀ ਗਈ ਹੈ। ਇਸ ਸਰਵਿਸ ਦੁਆਰਾ ਦੋਹਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਦੋਸਤਾਨਾ ਸੰਬੰਧ ਕਾਇਮ ਹੋਏ ਹਨ।

**32. ਗਾਂਧੀ ਜੀ ਨੇ ਅੰਗਰੇਜ਼ਾਂ ਖ਼ਿਲਾਫ ਕਿਹੜੇ- ਕਿਹੜੇ ਅੰਦੋਲਨ ਚਲਾਏ**?

ਉੱਤਰ- 1. ਨਾ ਮਿਲਵਰਤਨ ਅੰਦੋਲਨ 1920 ਵਿੱਚ

2. ਸਿਵਲ-ਨਾ-ਫੁਰਮਾਨੀ ਅੰਦੋਲਨ 1930 ਵਿੱਚ

3. ਭਾਰਤ ਛੱਡੋ ਅੰਦੋਲਨ 1942 ਵਿੱਚ।

**33. ਸ਼ਰਾਬਬੰਦੀ ਤੋਂ ਕੀ ਭਾਵ ਹੈ ਅਤੇ ਇਸ ਨੂੰ ਕਿਵੇਂ ਲਾਗੂ ਕਰਨਾ ਚਾਹੀਦਾ ਹੈ?**

ਉੱਤਰ- ਸ਼ਰਾਬ ਬੰਦੀ ਤੋਂ ਭਾਵ ਸ਼ਰਾਬ ਵੇਚਣ ਅਤੇ ਪੀਣ ਉੱਪਰ ਕਾਨੂੰਨ ਅਨੁਸਾਰ ਮੁਕੰਮਲ ਪਾਬੰਦੀ ਤੋਂ ਹੈ। ਸ਼ਰਾਬਬੰਦੀ ਨੂੰ ਕਾਨੂੰਨ ਬਣਾ ਕੇ ਲਾਗੂ ਕਰਨਾ ਚਾਹੀਦਾ ਹੈ।

34**. ਸਿੱਖਿਆ ਦੇ ਅਧਿਕਾਰ ‘ਤੇ ਸੰਖੇਪ ਨੋਟ ਲਿਖੋ**।

ਉੱਤਰ- ਦਸੰਬਰ 2002 ਵਿੱਚ ਸੰਵਿਧਾਨ ਵਿਚ 86ਵੀਂ ਸੋਧ ਕੀਤੀ ਗਈ। ਮੌਲਿਕ ਅਧਿਕਾਰਾਂ ਵਿਚ ਅਨੁਛੇਦ **21-A** ਦਰਜ ਕਰਕੇ 6 ਤੋਂ 14 ਸਾਲ ਦੇ ਹਰੇਕ ਬੱਚੇ ਲਈ ‘ਮੁਫ਼ਤ ਅਤੇ ਲਾਜ਼ਮੀ ਸਿੱਖਿਆ’ ਦਾ ਅਧਿਕਾਰ ਦਿੱਤਾ ਗਿਆ। ਇਸ ਨੂੰ ਅਮਲੀ ਰੂਪ ਦੇਣ ਲਈ ਲਾਜ਼ਮੀ ਅਤੇ ਮੁਫ਼ਤ ਸਿੱਖਿਆ ਦਾ ਅਧਿਕਾਰ ਐਕਟ 2009 ਪਾਸ ਕੀਤਾ ਗਿਆ। ਇਸ ਅਧਿਕਾਰ ਅਧੀਨ ਹਰੇਕ ਭਾਰਤੀ ਬੱਚਾ ਜੋ 6-14 ਸਾਲ ਦੀ ਆਯੂ ਗਰੁੱਪ ਵਿੱਚ ਆਉਂਦਾ ਹੈ, ਮੁਫਤ ਅਤੇ ਲਾਜ਼ਮੀ ਮੁੱਢਲੀ ਸਿੱਖਿਆ ਪ੍ਰਾਪਤ ਕਰ ਸਕਦਾ ਹੈ। ਭਾਰਤ ਵਿੱਚ ਸਿੱਖਿਆ ਅਧਿਕਾਰ ਐਕਟ 1 ਅਪ੍ਰੈਲ 2010 ਤੋਂ ਲਾਗੂ ਹੈ।

35. **ਸੰਵਿਧਾਨ 'ਚ ਕਿਹੜੇ- ਕਿਹੜੇ ਮੌਲਿਕ ਅਧਿਕਾਰ ਦਰਜ ਹਨ**?

ਉੱਤਰ- 1. ਸਮਾਨਤਾ ਦਾ ਅਧਿਕਾਰ

2. ਸੁਤੰਤਰਤਾ ਦਾ ਅਧਿਕਾਰ

3. ਸੋਸ਼ਣ ਵਿਰੁੱਧ ਅਧਿਕਾਰ

4. ਧਾਰਮਿਕ ਸੁਤੰਤਰਤਾ ਦਾ ਅਧਿਕਾਰ

5. ਸੱਭਿਆਚਾਰਕ ਅਤੇ ਵਿੱਦਿਅਕ ਅਧਿਕਾਰ

6. ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ।

3**6. ਸੋਸ਼ਣ ਵਿਰੁੱਧ ਅਧਿਕਾਰ ਦੀ ਵਿਆਖਿਆ ਕਰੋ**।

ਉੱਤਰ– ਸੋਸ਼ਣ ਵਿਰੁੱਧ ਅਧਿਕਾਰ ਵਿਚ ਮਨੁੱਖ ਦਾ ਵਪਾਰ ਕਰਨ, ਤਨਖਾਹ ਦਿੱਤੇ ਬਿਨ੍ਹਾਂ ਕੰਮ ਕਰਾਉਣਾ ਅਤੇ ਦੂਜਿਆਂ ਤੋਂ ਜਬਰਦਸਤੀ ਕੰਮ ਕਰਾਉਣ ਦੀ ਮਨਾਹੀ ਹੈ। ਕੰਮ ਬਦਲੇ ਤਨਖਾਹ ਪੱਖੋਂ, ਕਿਸੇ ਵੀ ਵਿਅਕਤੀ ਨਾਲ ਧਰਮ, ਨਸਲ ਜਾਂ ਜਾਤੀ ਦੇ ਆਧਾਰ ‘ਤੇ ਕੋਈ ਵੀ ਵਿਤਕਰਾ ਨਹੀਂ ਕੀਤਾ ਜਾ ਸਕਦਾ।

37. '**ਅਧਿਕਾਰ ਅਤੇ ਕਰਤੱਵ ਇਕ ਸਿੱਕੇ ਦੇ ਦੋ ਪਾਸੇ ਹਨ**' **ਕਿਵੇਂ**?

ਉੱਤਰ- ਜਿੱਥੇ ਵਿਅਕਤੀ ਦੇ ਵਿਕਾਸ ਲਈ, ਰਾਜ ਅਤੇ ਸਮਾਜ ਉਸ ਨੂੰ ਅਨੇਕਾਂ ਅਧਿਕਾਰ ਦਿੰਦੇ ਹਨ, ਉੱਥੇ ਵਿਅਕਤੀ ਤੋਂ ਕੁੱਝ ਕਰਤੱਵਾਂ ਦੀ ਆਸ ਵੀ ਕਰਦੇ ਹਨ। ਕਰਤੱਵਾਂ ਦਾ ਪਾਲਣ ਕੀਤੇ ਬਿਨ੍ਹਾਂ ਵਿਅਕਤੀ ਅਧਿਕਾਰਾਂ ਦਾ ਹੱਕਦਾਰ ਨਹੀਂ ਹੁੰਦਾ। ਇਸ ਲਈ ਅਧਿਕਾਰ ਅਤੇ ਕਰਤੱਵ ਇੱਕੋ ਹੀ ਸਿੱਕੇ ਦੇ ਦੋ ਪਾਸੇ ਹਨ।

**38. ਭਾਰਤ ਵਿੱਚ ਸੰਸਦੀ ਸ਼ਾਸਨ ਪ੍ਰਣਾਲੀ ਹੀ ਕਿਉਂ ਲਾਗੂ ਕੀਤੀ ਗਈ?**

ਉੱਤਰ- 1. ਆਜ਼ਾਦੀ ਤੋਂ ਪਹਿਲਾਂ ਸਾਡੇ ਦੇਸ਼ ਵਿੱਚ ਵੱਖ-ਵੱਖ ਐਕਟਾਂ ਦੁਆਰਾ ਸੰਸਦੀ ਸਰਕਾਰ ਲਾਗੂ ਕੀਤੀ ਗਈ ਸੀ। ਇਸ ਤਰ੍ਹਾਂ ਭਾਰਤੀ ਲੋਕਾਂ ਨੂੰ ਸੰਸਦੀ ਪ੍ਰਣਾਲੀ ਦੀ ਜਾਣਕਾਰੀ ਪਹਿਲਾਂ ਤੋਂ ਹੀ ਸੀ।

2. ਭਾਰਤੀ ਸੰਵਿਧਾਨ ਨਿਰਮਾਤਾਵਾਂ ਨੇ ਸੰਸਦੀ ਸ਼ਾਸ਼ਨ ਪ੍ਰਣਾਲੀ ਦਾ ਸਮਰਥਨ ਕੀਤਾ।

3. ਸਦੀਆਂ ਤੋਂ ਗੁਲਾਮ ਰਹਿਣ ਕਾਰਨ ਭਾਰਤ ਨੂੰ ਅਜਿਹੀ ਸਰਕਾਰ ਦੀ ਲੋੜ ਸੀ, ਜਿਹੜੀ ਜ਼ਿੰਮੇਵਾਰੀ ਦੀ ਭਾਵਨਾ ‘ਤੇ ਅਧਾਰਿਤ ਹੋਵੇ।

4. ਸੰਸਦੀ ਸਰਕਾਰ ਪਰਿਵਰਤਨਸ਼ੀਲ ਹੈ। ਇਹ ਕਦੇ ਵੀ ਬਦਲੀ ਜਾ ਸਕਦੀ ਹੈ।

**39. ਸੰਸਦੀ ਸਾਸ਼ਨ ਪ੍ਰਣਾਲੀ ਵਿੱਚ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੀ ਭੂਮਿਕਾ ਲਿਖੋ।**

ਉੱਤਰ- **1. ਰਾਸ਼ਟਰਪਤੀ** :- ਰਾਸ਼ਟਰਪਤੀ ਕੋਲ ਵਿਧਾਨਿਕ, ਕਾਰਜਪਾਲਿਕਾ ਅਤੇ ਨਿਆਇਕ ਸ਼ਕਤੀਆਂ ਹਨ ਪਰ ਉਹ ਅਸਲ ਵਿਚ ਉਨ੍ਹਾਂ ਸ਼ਕਤੀਆਂ ਦੀ ਵਰਤੋਂ ਉਹ ਆਪਣੀ ਇੱਛਾ ਅਨੁਸਾਰ ਨਹੀਂ ਕਰ ਸਕਦਾ। ਉਹ ਇਨ੍ਹਾਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਸਲਾਹ ਨਾਲ ਕਰਦਾ ਹੈ।

2. **<u>ਪ੍ਰਧਾਨ ਮੰਤਰੀ</u>** :- ਪ੍ਰਧਾਨ ਮੰਤਰੀ, ਮੰਤਰੀ ਮੰਡਲ, ਮੰਤਰੀ ਪ੍ਰੀਸ਼ਦ ਅਤੇ ਲੋਕ ਸਭਾ ਦਾ ਮੁਖੀ ਹੁੰਦਾ ਹੈ। ਉਹ ਸਮੁੱਚੇ ਰਾਜ ਪ੍ਰਬੰਧ ਦਾ ਚਾਲਕ ਅਤੇ ਕੇਂਦਰੀ ਬਿੰਦੂ ਹੁੰਦਾ ਹੈ। ਅਸਲ ਸ਼ਕਤੀਆਂ ਦੀ ਵਰਤੋਂ ਪ੍ਰਧਾਨ ਮੰਤਰੀ ਹੀ ਕਰਦਾ ਹੈ। ਕੋਈ ਵੀ ਮੰਤਰੀ ਉਸ ਦੀ ਇੱਛਾ ਦੇ ਵਿਰੁੱਧ ਆਪਣੀ ਪਦਵੀ 'ਤੇ ਨਹੀਂ ਰਹਿ ਸਕਦਾ।

**40. ਸੰਸਦ ਦੀ ਸਥਿਤੀ ਦੀ ਗਿਰਾਵਟ ਲਈ ਜ਼ਿੰਮੇਵਾਰ ਕਾਰਨ ਲਿਖੋ।**

ਉੱਤਰ- 1. ਇਕ ਦਿਨ ਵਿਚ ਦਸ-ਦਸ ਕਾਨੂੰਨ ਪਾਸ ਹੋ ਰਹੇ ਹਨ। 2. ਸਪੀਕਰ ਦੀ ਨਿਰਪੱਖਤਾ ਬਾਰੇ ਸ਼ੱਕ।

3. ਸਦਨ ਵਿੱਚੋਂ ਮੈਂਬਰਾਂ ਦੀ ਗੈਰ-ਹਾਜ਼ਰੀ। 4. ਕਮੇਟੀ ਪ੍ਰਣਾਲੀ ਦਾ ਪਤਨ।

5. ਬੈਠਕਾਂ ਵਿੱਚ ਕਮੀ। 6. ਜ਼ਿੱਦ ਦੀ ਰਾਜਨੀਤੀ।

**41. ਸੰਸਦ ਦੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਲੋੜੀਂਦੇ ਸੁਝਾਅ ਦਿਓ।**

ਉੱਤਰ- 1. ਕਾਨੂੰਨ ਪਾਸ ਕਰਨ ਸਮੇਂ ਯੋਗ ਵਿਚਾਰ ਵਟਾਂਦਰਾ ਹੋਣਾ ਚਾਹੀਦਾ ਹੈ।

2. ਸਪੀਕਰ ਨੂੰ ਨਿਰਪੱਖ ਹੋਣਾ ਚਾਹੀਦਾ ਹੈ।

3. ਸਦਨ ਵਿੱਚ ਮੈਂਬਰਾਂ ਨੂੰ ਹਾਜ਼ਰ ਰਹਿਣਾ ਚਾਹੀਦਾ ਹੈ।

4. ਬੈਠਕਾਂ ਦੀ ਗਿਣਤੀ ਵਿਚ ਵਾਧਾ ਹੋਣਾ ਚਾਹੀਦਾ ਹੈ।

5. ਜ਼ਿੱਦ ਦੀ ਰਾਜਨੀਤੀ ਨਹੀਂ ਹੋਣੀ ਚਾਹੀਦੀ।

6. ਸਥਿਰ ਸਰਕਾਰਾਂ ਬਣਨੀਆਂ ਚਾਹੀਦੀਆਂ ਹਨ।

**42. ਭਾਰਤੀ ਸੰਸਦ ਦੀ ਬਣਤਰ ਲਿਖੋ।**

ਉੱਤਰ- ਭਾਰਤੀ ਸੰਸਦ ਦੇ ਦੋ ਸਦਨ ਹਨ:- ਲੋਕ ਸਭਾ ਅਤੇ ਰਾਜ ਸਭਾ।

1. **<u>ਲੋਕ ਸਭਾ</u>**:- ਜਿਵੇਂ ਕਿ ਨਾਂ ਤੋਂ ਹੀ ਸਪੱਸ਼ਟ ਹੈ ਕਿ ਇਹ ਲੋਕਾਂ ਦਾ ਸਦਨ ਹੈ। ਇਸ ਵਿਚ ਲੋਕਾਂ ਦੁਆਰਾ ਪ੍ਰਤੱਖ ਚੁਣੇ ਹੋਏ ਮੈਂਬਰ ਹੁੰਦੇ ਹਨ। ਇਸਦੇ ਮੈਂਬਰਾਂ ਦੀ ਕੁੱਲ ਗਿਣਤੀ 545 ਹੈ। ਰਾਸ਼ਟਰਪਤੀ ਇਸ ਸਦਨ ਨੂੰ ਸੰਵਿਧਾਨ ਦੇ ਕਾਨੂੰਨ ਅਨੁਸਾਰ ਭੰਗ ਕਰ ਸਕਦਾ ਹੈ।

2. **<u>ਰਾਜ ਸਭਾ</u>**:- ਇਹ ਇੱਕ ਸਥਾਈ ਸਦਨ ਹੈ। ਇਸਦੇ ਮੈਂਬਰਾਂ ਦੀ ਕੁੱਲ ਗਿਣਤੀ **250** ਹੈ। **238** ਮੈਂਬਰ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚੋਂ ਅਤੇ **12** ਮੈਂਬਰ ਰਾਸ਼ਟਰਪਤੀ ਦੁਆਰਾ ਵਿਗਿਆਨ, ਸਾਹਿਤ, ਕਲਾ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਵਿੱਚੋਂ ਨਾਮਜ਼ਦ ਕੀਤੇ ਜਾਂਦੇ ਹਨ। ਇਸ ਦੇ ਮੈਂਬਰ ਅਪ੍ਰਤੱਖ ਚੋਣ ਪ੍ਰਣਾਲੀ ਨਾਲ ਚੁਣੇ ਜਾਂਦੇ ਹਨ।

**ਸਰੋਤ ਅਧਾਰਿਤ ਪ੍ਰਸ਼ਨ 2023-24 (ਅਭਿਆਸ)** **ਅੰਕ: 10(5X2=10)**

1. ਤੇਲ ਦੇ ਬੀਜ ਜਿਵੇਂ ਮੂੰਗਫਲੀ, ਸਰੋਂ, ਤੋਰੀਆ, ਸੂਰਜਮੁਖੀ ਅਤੇ ਨਾਰੀਅਲ ਆਦਿ ਤੋਂ ਖੁਰਾਕੀ ਤੇਲ ਪ੍ਰਾਪਤ ਹੁੰਦੇ ਹਨ। ਖੁਰਾਕੀ ਤੇਲ ਸਾਡੇ ਭੋਜਨ ਦਾ ਮੁੱਖ ਅੰਗ ਹਨ। ਲਗਭਗ ਸਾਰੀਆਂ ਸਬਜ਼ੀਆਂ ਅਤੇ ਹੋਰ ਖੁਰਾਕੀ ਪਦਾਰਥਾਂ ਨੂੰ ਰਸੋਈ ਵਿੱਚ ਖੁਰਾਕੀ ਤੇਲ ਵਿੱਚ ਤਲਿਆ ਜਾਂਦਾ ਹੈ। ਸਰੋਂ ਅਤੇ ਤੋਰੀਆ, ਉੱਤਰ ਅਤੇ ਮੱਧ ਭਾਰਤ ਵਿੱਚ ਜਿਵੇਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਮੱਧ ਪ੍ਰਦੇਸ਼ ਦੀ ਫ਼ਸਲ ਹੈ। ਮੂੰਗਫਲੀ ਪੱਛਮੀ ਅਤੇ ਦੱਖਣੀ ਭਾਰਤ ਵਿੱਚ ਖਾਸ ਕਰਕੇ ਗੁਜਰਾਤ ਅਤੇ ਮਹਾਰਾਸ਼ਟਰ ਵਿੱਚ ਮੁੱਖ ਤੌਰ 'ਤੇ ਪੈਦਾ ਕੀਤੀ ਜਾਂਦੀ ਹੈ। ਖੁਰਾਕੀ ਤੇਲਾਂ ਦੀ ਮੰਗ ਸਾਡੇ ਦੇਸ਼ ਵਿੱਚ ਦਿਨੋ-ਦਿਨ ਵੱਧਦੀ ਜਾ ਰਹੀ ਹੈ ਜੋ ਘਰੇਲੂ ਉਤਪਾਦਨ ਤੋਂ ਪੂਰੀ ਨਹੀਂ ਹੋ ਰਹੀ। ਇਸ ਲਈ ਸਾਡੇ ਦੇਸ਼ ਨੂੰ ਦੂਸਰੇ ਦੇਸ਼ਾਂ ਤੋਂ ਖੁਰਾਕੀ ਤੇਲ ਨੂੰ ਦਰਾਮਦ ਕਰਨਾ ਪੈਂਦਾ ਹੈ। ਅੱਜ ਦੇ ਸਮੇਂ ਵਿੱਚ ਸੋਇਆਬੀਨ ਅਤੇ ਸੂਰਜਮਖੀ ਦਾ ਉਤਪਾਦਨ ਖੇਤਰ ਵੱਧਦਾ ਜਾ ਰਿਹਾ ਹੈ ਪਰੰਤੂ ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਪੰਜਾਬ ਵਿੱਚ ਤੇਲ ਬੀਜ ਉਤਪਾਦਨ ਦੇ ਰਕਬੇ ਹੇਠ ਕਮੀ ਆਈ ਹੈ। ਦੇਸ਼ ਵਿੱਚ ਤੇਲ ਬੀਜ ਉਤਪਾਦਨ ਵਿੱਚ ਮੋਹਰੀ ਸਥਾਨ ਮੱਧ ਪ੍ਰਦੇਸ਼ ਦਾ ਹੈ ਅਤੇ ਦੂਸਰਾ ਸਥਾਨ ਮਹਾਰਾਸ਼ਟਰ ਦਾ ਆਉਂਦਾ ਹੈ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

i. ਸਰੋਂ ਅਤੇ ਤੋਰੀਆ ਕਿਹੜੇ-ਕਿਹੜੇ ਰਾਜਾਂ ਦੀ ਪ੍ਰਮੁੱਖ ਫ਼ਸਲ ਹੈ?

ii. ਖੁਰਾਕੀ ਤੇਲ ਪੈਦਾ ਕਰਨ ਵਾਲੀਆਂ ਪ੍ਰਮੁੱਖ ਫ਼ਸਲਾਂ ਕਿਹੜੀਆਂ ਹਨ?

iii. ਤੇਲ ਬੀਜ ਉਤਪਾਦਨ ਵਿੱਚ ਕਿਹੜਾ ਰਾਜ ਦੂਸਰਾ ਸਥਾਨ ਰੱਖਦਾ ਹੈ?
iv. ਮੂੰਗਫ਼ਲੀ ਦੀ ਫ਼ਸਲ ਮੁੱਖ ਤੌਰ 'ਤੇ ਕਿੰਨ੍ਹਾਂ ਰਾਜਾਂ ਵਿੱਚ ਪੈਦਾ ਹੁੰਦੀ ਹੈ?
v. ਅੱਜ ਦੇ ਦੌਰ ਵਿੱਚ ਕਿਹੜੀਆਂ ਫ਼ਸਲਾਂ ਦਾ ਉਤਪਾਦਨ ਖੇਤਰ ਵੱਧਦਾ ਜਾ ਰਿਹਾ ਹੈ?

2. ਲੋਕਤੰਤਰ ਲੋਕਾਂ ਦੀ ਆਪਣੀ ਸਰਕਾਰ ਹੁੰਦੀ ਹੈ। ਇਬਰਾਹਿਮ ਲਿੰਕਨ ਦੇ ਸ਼ਬਦਾਂ ਵਿੱਚ ਲੋਕਤੰਤਰੀ ਸਰਕਾਰ,"ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ" ਹੁੰਦੀ ਹੈ। ਲੋਕਤੰਤਰ ਦਾ ਆਰੰਭ ਯੂਨਾਨ ਦੇ ਸ਼ਹਿਰ ਏਥਨਜ਼ ਵਿੱਚ ਹੋਇਆ। ਆਧੁਨਿਕ ਲੋਕਤੰਤਰ ਦੀ ਸਥਾਪਨਾ ਪਹਿਲਾਂ ਯੂਰਪ ਦੇ ਦੇਸ਼ਾਂ ਦੇ ਵਿੱਚ ਹੋਈ ਸੀ। ਲੋਕਤੰਤਰੀ ਸਮਾਜ ਵਿੱਚ ਕਿਸੇ ਵੀ ਆਧਾਰ 'ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਕਾਨੂੰਨ ਦੀ ਨਜ਼ਰ ਵਿੱਚ ਅਮੀਰ, ਗਰੀਬ, ਆਦਮੀ ਅਤੇ ਔਰਤ ਸਭ ਬਰਾਬਰ ਹਨ। ਲੋਕਤੰਤਰੀ ਦੇਸ਼ ਵਿੱਚ ਜਾਤ-ਰੰਗ, ਨਸਲ ਜਾਂ ਜਨਮ ਦੇ ਅਧਾਰ 'ਤੇ ਕਿਸੇ ਨੂੰ ਵਿਸ਼ੇਸ਼ ਸਹੂਲਤਾਂ ਨਹੀਂ ਦਿੱਤੀਆਂ ਜਾਂਦੀਆਂ। ਆਧੁਨਿਕ ਯੁੱਗ ਵਿੱਚ ਲੋਕਤੰਤਰੀ ਸਰਕਾਰ ਨੂੰ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ। ਲੋਕਤੰਤਰ ਦੇ ਸੰਸਦੀ ਨਮੂਨੇ ਵਾਲੀ ਸਰਕਾਰ ਵਾਲੇ ਦੇਸ਼ ਵਿਚ ਦੇਸ਼ ਦੇ ਦੋ ਤਰ੍ਹਾਂ ਦੇ ਮੁਖੀ ਹੁੰਦੇ ਹਨ- ਨਾਂ-ਮਾਤਰ ਮੁਖੀ ਅਤੇ ਅਸਲੀ-ਮੁਖੀ । ਸਾਡੇ ਦੇਸ਼ ਦੀ ਕੇਂਦਰੀ ਸਰਕਾਰ ਦਾ ਨਾਂ- ਮਾਤਰ ਮੁਖੀ ਰਾਸ਼ਟਰਪਤੀ ਅਤੇ ਰਾਜ ਸਰਕਾਰ ਦਾ ਨਾਂ- ਮਾਤਰ ਮੁਖੀ ਰਾਜਪਾਲ ਹੁੰਦੇ ਹਨ। ਜਦੋਂ ਕਿ ਕੇਂਦਰੀ ਅਤੇ ਰਾਜ ਸਰਕਾਰ ਦੇ ਅਸਲੀ ਮੁਖੀ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਹੁੰਦੇ ਹਨ। ਲੋਕਤੰਤਰੀ ਸਰਕਾਰ ਵਿਚ ਬਿਨਾਂ ਕਿਸੇ ਵਿਤਕਰੇ ਦੇ ਸਾਰੇ ਬਾਲਗਾਂ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਜਾਂਦਾ ਹੈ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

i. ਇਬਰਾਹਿਮ ਲਿੰਕਨ ਨੇ ਲੋਕਤੰਤਰ ਦੀ ਕੀ ਪ੍ਰੀਭਾਸ਼ਾ ਦਿੱਤੀ ਹੈ?
ii. ਲੋਕਤੰਤਰ ਦਾ ਆਰੰਭ ਕਿਹੜੇ ਸ਼ਹਿਰ ਵਿੱਚ ਹੋਇਆ?
iii. ਲੋਕਤੰਤਰ ਦੇ ਸੰਸਦੀ ਨਮੂਨੇ ਵਾਲੀ ਸਰਕਾਰ ਵਿੱਚ ਨਾਂ-ਮਾਤਰ ਮੁਖੀ ਕੌਣ ਹੁੰਦੇ ਹਨ?
iv. ਆਧੁਨਿਕ ਯੁੱਗ ਵਿੱਚ ਕਿਹੜੀ ਸਰਕਾਰ ਨੂੰ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ ਅਤੇ ਕਿਉਂ?
v. ਕੇਂਦਰੀ ਅਤੇ ਰਾਜ ਸਰਕਾਰ ਦੇ ਅਸਲੀ ਮੁਖੀ ਕੌਣ ਹੁੰਦੇ ਹਨ?

3.ਇਤਿਹਾਸ ਦੇ ਸ੍ਰੋਤਾਂ ਦੇ ਵਿਸ਼ਾਲ ਭੰਡਾਰ ਤੋਂ, ਅਸੀਂ ਬਹੁਤ ਕੁਝ ਜਾਣ ਸਕਦੇ ਹਾਂ ਪ੍ਰੰਤੂ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸਰਕਾਰੀ ਦਸਤਾਵੇਜ਼ ਹੁੰਦੇ ਹਨ। ਇਹ ਸਾਨੂੰ ਦੱਸਦੇ ਹਨ ਕਿ ਅਧਿਕਾਰੀ ਕੀ ਸੋਚਦੇ ਸਨ, ਉਨ੍ਹਾਂ ਦੀ ਕੀ ਦਿਲਚਸਪੀ ਸੀ ਅਤੇ ਉਹ ਭਵਿੱਖ ਲਈ ਕੀ ਸੁਰੱਖਿਅਤ ਰੱਖਣਾ ਚਾਹੁੰਦੇ ਸਨ? ਇਹ ਰਿਕਾਰਡ ਜਾਂ ਦਸਾਤਵੇਜ਼, ਇਹ ਸਮਝਣ ਵਿੱਚ ਸਾਡੀ ਮਦਦ ਨਹੀਂ ਕਰਦੇ ਕਿ ਦੇਸ਼ ਦੇ ਹੋਰ ਲੋਕ ਕੀ ਮਹਿਸੂਸ ਕਰਦੇ ਹਨ। ਇਸਦੇ ਲਈ ਸਾਨੂੰ ਕਿਤੇ ਹੋਰ ਦੇਖਣ ਦੀ ਲੋੜ ਹੈ। ਜਦੋਂ ਅਸੀਂ ਇਹਨਾਂ ਹੋਰ ਸ੍ਰੋਤਾਂ ਦੀ ਖੋਜ ਕਰਨਾ ਸ਼ੁਰੂ ਕਰਦੇ ਹਾਂ ਤਾਂ ਅਸੀਂ ਉਹਨਾਂ ਨੂੰ ਕਾਫ਼ੀ ਮਾਤਰਾ ਵਿੱਚ ਲੱਭਦੇ ਹਾਂ ਭਾਵੇਂ ਕਿ ਉਹਨਾਂ ਨੂੰ ਸਰਕਾਰੀ ਦਸਤਾਵੇਜ਼ਾਂ ਨਾਲੋਂ ਪ੍ਰਾਪਤ ਕਰਨਾ ਵਧੇਰੇ ਮੁਸ਼ਕਲ ਹੁੰਦਾ ਹੈ। ਸਾਡੇ ਕੋਲ ਲੋਕਾਂ ਦੀਆਂ ਡਾਇਰੀਆਂ, ਸ਼ਰਧਾਲੂਆਂ ਅਤੇ ਯਾਤਰੀਆਂ ਦੇ ਲੇਖ, ਮਹੱਤਵਪੂਰਨ ਸ਼ਖਸੀਅਤਾਂ ਦੀਆਂ ਸਵੈ-ਜੀਵਨੀਆਂ ਅਤੇ ਪ੍ਰਸਿੱਧ ਕਿਤਾਬਾਂ ਸਨ, ਜੋ ਸਥਾਨਕ ਬਜ਼ਾਰਾਂ ਵਿੱਚ ਵੇਚੇ ਜਾਂਦੇ ਸਨ। ਜਿਵੇਂ-ਜਿਵੇਂ ਪ੍ਰਿੰਟਿੰਗ ਪ੍ਰੈਸ ਫੈਲਦੀ ਗਈ, ਅਖ਼ਬਾਰਾਂ ਪ੍ਰਕਾਸ਼ਿਤ ਹੋਣ ਲੱਗੀਆਂ ਅਤੇ ਲੋਕਾਂ ਵਿੱਚ ਮੁੱਦਿਆਂ 'ਤੇ ਬਹਿਸ ਹੋਣ ਲੱਗੀ। ਨੇਤਾਵਾਂ ਅਤੇ ਸੁਧਾਰਕਾਂ ਨੇ ਆਪਣੇ ਵਿਚਾਰਾਂ ਨੂੰ ਫੈਲਾਉਣ ਲਈ ਲਿਖਿਆ, ਕਵੀਆਂ ਅਤੇ ਨਾਵਲਕਾਰਾਂ ਨੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਲਿਖਿਆ। ਇਹ ਸਾਰੇ ਸ੍ਰੋਤ ਹਾਲਾਂਕਿ, ਉਨ੍ਹਾਂ ਦੁਆਰਾ ਪੈਦਾ ਕੀਤੇ ਗਏ ਸਨ ਜੋ ਪੜ੍ਹੇ-ਲਿਖੇ ਸਨ। ਇਨ੍ਹਾਂ ਤੋਂ ਅਸੀਂ ਇਹ ਸਮਝਣ ਦੇ ਯੋਗ ਨਹੀਂ ਹੋਵਾਂਗੇ ਕਿ ਆਦਿਵਾਸੀਆਂ, ਕਿਸਾਨਾਂ, ਖਾਣਾਂ ਵਿੱਚ ਮਜ਼ਦੂਰਾਂ ਜਾਂ ਸੜਕਾਂ 'ਤੇ ਗਰੀਬਾਂ ਦਾ ਜੀਵਨ ਦਾ ਅਨੁਭਵ ਕਿਵੇਂ ਦਾ ਸੀ? ਉਨ੍ਹਾਂ ਦੇ ਜੀਵਨ ਬਾਰੇ ਜਾਣਨਾ ਹੋਰ ਵੀ ਔਖਾ ਕੰਮ ਹੈ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ.:-**

i.ਅਸੀਂ ਸਰਕਾਰੀ ਦਸਤਾਵੇਜ਼ ਤੋਂ ਕਿਹੜਾ ਗਿਆਨ ਇਕੱਠਾ ਕਰਦੇ ਹਾਂ?
ii. ਸਰਕਾਰੀ ਦਸਤਾਵੇਜ਼ ਤੋਂ ਇਲਾਵਾ ਹੋਰ ਕਿਹੜੇ ਸਰੋਤ ਸਾਨੂੰ ਲੋਕਾਂ ਦੇ ਜੀਵਨ ਬਾਰੇ ਦੱਸਦੇ ਹਨ?

iii. ਪ੍ਰਿੰਟਿੰਗ ਪ੍ਰੈਸ ਦੇ ਫੈਲਣ ਨਾਲ ਕਿਹੜੀਆਂ-ਕਿਹੜੀਆਂ ਤਬਦੀਲੀਆਂ ਆਈਆਂ?

iv. ਸਰਕਾਰੀ ਦਸ਼ਤਾਵੇਜ਼ ਕਿਨ੍ਹਾਂ ਲੋਕਾਂ ਦੁਆਰਾ ਪੈਦਾ ਕੀਤੇ ਗਏ ਸਨ?

v. ਸਰਕਾਰੀ ਦਸ਼ਤਾਵੇਜ਼ ਕਿਨ੍ਹਾਂ ਲੋਕਾਂ ਦੇ ਜੀਵਨ ਬਾਰੇ ਜਾਣਕਾਰੀ ਮੁਹੱਈਆ ਨਹੀਂ ਕਰਦੇ?

4. ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਮਨੁੱਖ ਆਪਣੇ ਸੁਭਾਅ ਕਾਰਨ ਅਤੇ ਆਪਣੀਆਂ ਲੋੜਾਂ ਕਾਰਨ ਸਮਾਜ ਵਿੱਚ ਰਹਿਣਾ ਪਸੰਦ ਕਰਦਾ ਹੈ। ਸਮਾਜ ਵਿੱਚ ਰਹਿੰਦੇ ਹੋਏ ਮਨੁੱਖ ਨੂੰ ਕਈ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਹੈ। ਘਰ, ਸਕੂਲ, ਦਫ਼ਤਰ, ਖੇਡ ਕਲੱਬ, ਸੱਭਿਆਚਾਰਕ ਕੇਂਦਰ, ਬੱਸ ਸਟੈਂਡ, ਰੇਲਵੇ ਸਟੇਸ਼ਨ ਆਦਿ ਥਾਵਾਂ ਤੇ ਵਿਚਰਦੇ ਹੋਏ ਮਨੁੱਖ ਨੂੰ ਕੁਝ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਹੈ। ਇਹਨਾਂ ਨਿਯਮਾਂ ਦਾ ਪਾਲਣ ਕਰਦੇ ਹੋਏ ਹੀ ਮਨੁੱਖ ਦਾ ਵਿਕਾਸ ਹੋ ਸਕਦਾ ਹੈ ਅਤੇ ਸਮਾਜ ਸੁਚਾਰੂ ਰੂਪ ਵਿੱਚ ਚੱਲਦਾ ਹੈ। ਅਨੁਸ਼ਾਸ਼ਨ ਵਿੱਚ ਰਹਿ ਕੇ ਅਤੇ ਨਿਯਮਾਂ ਦੀ ਪਾਲਣਾ ਕਰਕੇ ਹੀ ਸੱਭਿਆਚਾਰਕ ਸਮਾਜ ਦੀ ਹੋਂਦ ਕਾਇਮ ਰਹਿ ਸਕਦੀ ਹੈ। ਜਿਵੇਂ ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ। ਪਰਿਵਾਰ ਨੂੰ ਚਲਾਉਣ ਲਈ ਵੀ ਨਿਯਮ ਤੈਅ ਕੀਤੇ ਜਾਂਦੇ ਹਨ। ਪਰਿਵਾਰ ਦਾ ਇੱਕ ਮੁਖੀ ਹੁੰਦਾ ਹੈ ਜੋ ਪਰਿਵਾਰ ਦੇ ਮੈਂਬਰਾਂ ਵਿੱਚ ਕੰਮ ਦੀ ਵੰਡ ਕਰਦਾ ਹੈ। ਪਰਿਵਾਰ ਦੇ ਮੈਂਬਰਾਂ ਨੂੰ ਪਰਿਵਾਰ ਦੇ ਮੁਖੀ ਦਾ ਕਹਿਣਾ ਮੰਨਣਾ ਹੀ ਹੁੰਦਾ ਹੈ। ਜੇਕਰ ਪਰਿਵਾਰ ਦੇ ਮੈਂਬਰ ਆਪ ਹੁਦਰੇ ਢੰਗ ਨਾਲ ਜੀਵਨ ਬਤੀਤ ਕਰਦੇ ਹਨ ਤਾਂ ਪਰਿਵਾਰ ਖੇਰੂੰ-ਖੇਰੂੰ ਹੋ ਜਾਂਦਾ ਹੈ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

i. ਮਨੁੱਖ ਸਮਾਜ ਵਿੱਚ ਰਹਿਣਾ ਕਿਉਂ ਪਸੰਦ ਕਰਦਾ ਹੈ?

ii. ਸਮਾਜ ਦੀ ਮੁੱਢਲੀ ਇਕਾਈ ਕਿਹੜੀ ਹੈ?

**iii.** ਸਮਾਜ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਕਿਹੜੇ-ਕਿਹੜੇ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ?

**iv.** ਸੱਭਿਆਚਾਰਕ ਸਮਾਜ ਦੀ ਹੋਂਦ ਕਿਵੇਂ ਕਾਇਮ ਰਹਿ ਸਕਦੀ ਹੈ?

**v.** ਪਰਿਵਾਰ ਦਾ ਮੁਖੀ ਕੀ ਭੂਮਿਕਾ ਨਿਭਾਉਂਦਾ ਹੈ?

5. ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਵਿੱਚੋਂ, ਦੁਪਹਿਰ ਦਾ ਭੋਜਨ ਯੋਜਨਾ ਵੀ ਸ਼ਾਮਲ ਹੈ। ਇਸ ਯੋਜਨਾ ਅਨੁਸਾਰ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਬੱਚਿਆਂ ਨੂੰ ਪਕਾਇਆ ਹੋਇਆ ਦੁਪਹਿਰ ਦਾ ਭੋਜਨ ਪ੍ਰਦਾਨ ਕੀਤਾ ਜਾਂਦਾ ਹੈ। ਤਾਮਿਲਨਾਡੂ ਇਸ ਸਕੀਮ ਨੂੰ ਸ਼ੁਰੂ ਕਰਨ ਵਾਲਾ ਭਾਰਤ ਦਾ ਪਹਿਲਾ ਰਾਜ ਸੀ ਅਤੇ 2001 ਵਿੱਚ ਸੁਪਰੀਮ ਕੋਰਟ ਨੇ ਸਾਰੀਆਂ ਰਾਜ ਸਰਕਾਰਾਂ ਨੂੰ ਛੇ ਮਹੀਨਿਆਂ ਦੇ ਅੰਦਰ-ਅੰਦਰ ਆਪਣੇ ਸਕੂਲਾਂ ਵਿੱਚ ਇਹ ਪ੍ਰੋਗਰਾਮ ਸ਼ੁਰੂ ਕਰਨ ਲਈ ਕਿਹਾ ਸੀ। ਇਸ ਪ੍ਰੋਗਰਾਮ ਦੇ ਬਹੁਤ ਸਾਰੇ ਸਕਾਰਾਤਮਕ ਪ੍ਰਭਾਵ ਪਏ ਹਨ। ਇਸ ਵਿੱਚ ਇਹ ਤੱਥ ਸਾਹਮਣੇ ਆਇਆ ਕਿ ਵਧੇਰੇ ਗਰੀਬ ਬੱਚਿਆਂ ਨੇ ਸਕੂਲਾਂ ਵਿੱਚ ਦਾਖਲਾ ਲੈਣਾ ਸ਼ੁਰੂ ਕਰ ਦਿੱਤਾ ਹੈ ਅਤੇ ਨਿਯਮਿਤ ਤੌਰ 'ਤੇ ਸਕੂਲ ਜਾਣਾ ਸ਼ੁਰੂ ਕਰ ਦਿੱਤਾ। ਅਧਿਆਪਕਾਂ ਨੇ ਦੱਸਿਆ ਕਿ ਪਹਿਲਾਂ ਬੱਚੇ ਅਕਸਰ ਦੁਪਹਿਰ ਦਾ ਖਾਣਾ ਖਾਣ ਲਈ ਘਰ ਜਾਂਦੇ ਸਨ ਅਤੇ ਫਿਰ ਸਕੂਲ ਨਹੀਂ ਪਰਤਦੇ ਸਨ ਪਰ ਹੁਣ ਸਕੂਲ ਵਿੱਚ ਦੁਪਹਿਰ ਦਾ ਖਾਣਾ ਮੁਹੱਈਆ ਕਰਵਾਉਣ ਨਾਲ ਉਨ੍ਹਾਂ ਦੀ ਹਾਜ਼ਰੀ ਵਿੱਚ ਸੁਧਾਰ ਹੋਇਆ ਹੈ। ਉਨ੍ਹਾਂ ਦੀਆਂ ਮਾਵਾਂ, ਜਿਨ੍ਹਾਂ ਨੂੰ ਪਹਿਲਾਂ ਦਿਨ ਵੇਲੇ ਆਪਣੇ ਬੱਚਿਆਂ ਨੂੰ ਘਰ ਵਿੱਚ ਭੋਜਨ ਦੇਣ ਲਈ ਆਪਣੇ ਕੰਮ ਵਿੱਚ ਵਿਘਨ ਪਾਉਣਾ ਪੈਂਦਾ ਸੀ, ਹੁਣ ਅਜਿਹਾ ਕਰਨ ਦੀ ਜ਼ਰੂਰਤ ਨਹੀਂ ਰਹੀ। ਇਸ ਪ੍ਰੋਗਰਾਮ ਨੇ ਜਾਤੀ ਭੇਦ-ਭਾਵ ਨੂੰ ਘਟਾਉਣ ਵਿੱਚ ਵੀ ਮਦਦ ਕੀਤੀ ਹੈ ਕਿਉਂਕਿ ਸਕੂਲ ਵਿੱਚ ਸਾਰੀਆਂ ਜਾਤਾਂ ਦੇ ਬੱਚੇ ਇਕੱਠੇ ਇਹ ਖਾਣਾ ਖਾਂਦੇ ਹਨ ਅਤੇ ਬਹੁਤ ਸਾਰੀਆਂ ਥਾਵਾਂ 'ਤੇ ਦਲਿਤ ਔਰਤਾਂ ਨੂੰ ਖਾਣਾ ਬਣਾਉਣ ਲਈ ਲਗਾਇਆ ਗਿਆ ਹੈ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

**i.** ਦੁਪਹਿਰ ਦਾ ਭੋਜਨ ਪ੍ਰੋਗਰਾਮ ਕੀ ਹੈ?

ii. ਕਿਹੜਾ ਰਾਜ ਬੱਚਿਆਂ ਲਈ ਦੁਪਹਿਰ ਦਾ ਖਾਣਾ ਸ਼ੁਰੂ ਕਰਨ ਵਾਲਾ ਪਹਿਲਾ ਰਾਜ ਸੀ?

iii.ਦੁਪਹਿਰ ਦਾ ਭੋਜਨ ਪ੍ਰੋਗਰਾਮ ਨਾਲ ਕਿਹੜੇ ਸਕਾਰਾਤਮਕ ਪ੍ਰਭਾਵ ਪਏ?

iv. ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਦੁਪਹਿਰ ਦਾ ਖਾਣਾ ਸਕੀਮ ਦੇ ਕੀ ਫਾਇਦੇ ਹਨ?

v. ਸੁਪਰੀਮ ਕੋਰਟ ਨੇ ਕਿੰਨ੍ਹੇ ਮਹੀਨਿਆਂ ਦੇ ਵਿੱਚ-ਵਿੱਚ ਰਾਜ ਸਰਕਾਰਾਂ ਨੂੰ ਦੁਪਹਿਰ ਦਾ ਭੋਜਨ ਪ੍ਰੋਗਰਾਮ ਕਰਨ ਦਾ ਹੁਕਮ ਦਿਤਾ ਸੀ?

6. ਮਨੁੱਖੀ ਵਿਕਾਸ ਲਈ ਕੁੱਝ ਸਹੂਲਤਾਂ ਦੀ ਲੋੜ ਹੁੰਦੀ ਹੈ ਇਹ ਸਹੂਲਤਾਂ ਸਾਨੂੰ ਸਮਾਜ ਵਿੱਚੋਂ ਮਿਲ ਸਕਦੀਆਂ ਹਨ। ਇਹਨਾਂ ਸਹੂਲਤਾਂ ਨੂੰ ਹੀ ਅਧਿਕਾਰ ਕਿਹਾ ਜਾਂਦਾ ਹੈ ਅਤੇ ਅਧਿਕਾਰ ਮਨੁੱਖ ਨੂੰ ਮਾਨਵੀ ਜੀਵਨ ਜਿਉਣ ਦੇ ਯੋਗ ਬਣਾਉਂਦੇ ਹਨ। ਹਰ ਵਿਅਕਤੀ ਜੀਵਨ ਜਿਉਣ ਦੇ ਨਾਲ-ਨਾਲ ਸਤਿਕਾਰ ਵਾਲਾ ਜੀਵਨ ਵੀ ਜਿਉਣਾ ਚਾਹੁੰਦਾ ਹੈ ਇਸ ਲਈ ਉਹ ਅਧਿਕਾਰਾਂ ਦੀ ਮੰਗ ਕਰਦਾ ਹੈ। ਭਾਰਤ ਦੇ ਸੰਵਿਧਾਨ ਦੇ ਰਚਨਹਾਰਿਆਂ ਨੇ ਭਾਰਤੀ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਸ਼ਾਮਲ ਕਰਕੇ ਨਾਗਰਿਕਾਂ ਦੀ ਸ਼ਖ਼ਸੀਅਤ ਦਾ ਵਿਕਾਸ ਕਰਨ ਅਤੇ ਹਰ ਨਾਗਰਿਕ ਦੇ ਗੌਰਵ ਨੂੰ ਯਕੀਨੀ ਬਣਾਉਣ ਦੇ ਉਦੇਸ਼ਾਂ ਨੂੰ ਪੂਰੇ ਕਰਨ ਦਾ ਯਤਨ ਕੀਤਾ ਹੈ। ਕਿਸੇ ਵੀ ਦੇਸ਼ ਦੇ ਲੋਕਤੰਤਰੀ ਸਰੂਪ ਦੀ ਪੁਸ਼ਟੀ ਸਾਨੂੰ ਉਸ ਦੇਸ਼ ਵਜੋਂ ਦਿੱਤੇ ਜਾਣ ਵਾਲੇ ਨਾਗਰਿਕਾਂ ਦੇ ਮੌਲਿਕ ਅਧਿਕਾਰ ਤੋਂ ਹੋ ਜਾਂਦੀ ਹੈ। ਆਜ਼ਾਦੀ ਤੋਂ ਪਹਿਲਾਂ ਭਾਰਤੀ ਨਾਗਰਿਕਾਂ ਨੂੰ ਮੌਲਿਕ ਅਧਿਕਾਰ ਪ੍ਰਾਪਤ ਨਹੀਂ ਸਨ। ਭਾਰਤ ਦੀ ਆਜ਼ਾਦੀ ਪ੍ਰਾਪਤੀ ਦੀ ਲਹਿਰ ਵਿੱਚ ਸਮੇਂ-ਸਮੇਂ 'ਤੇ ਮੌਲਿਕ ਅਧਿਕਾਰਾਂ ਦੀ ਮੰਗ ਕੀਤੀ ਗਈ ਸੀ। 1895 ਵਿੱਚ ਬਾਲ ਗੰਗਾਧਰ ਤਿਲਕ ਨੇ ਅੰਗਰੇਜ਼ਾਂ ਨੂੰ ਸਵਰਾਜ ਬਿਲ ਪਾਸ ਕਰਨ ਲਈ ਕਿਹਾ। ਜਿਸ ਵਿਚ ਭਾਰਤੀ ਲੋਕਾਂ ਲਈ ਵਿਚਾਰ ਪ੍ਰਗਟਾਉਣ, ਕਾਨੂੰਨ ਦੇ ਸਾਹਮਣੇ ਸਮਾਨਤਾ ਅਤੇ ਕੁੱਝ ਹੋਰ ਅਧਿਕਾਰਾਂ ਦੀ ਮੰਗ ਕੀਤੀ ਗਈ। 1828 ਈ. ਦੀ ਨਹਿਰੂ ਰਿਪੋਰਟ ਵਿੱਚ ਵੀ ਅਧਿਕਾਰਾਂ ਦੀ ਮੰਗ ਕੀਤੀ ਗਈ। ਜਿਸ ਵਿੱਚ ਮਰਦਾਂ ਅਤੇ ਔਰਤਾਂ ਲਈ ਸਮਾਨਤਾ ਦੇ ਅਧਿਕਾਰ ਵੀ ਮੰਗ ਕੀਤੀ ਗਈ ਪਰ ਅੰਗਰੇਜ਼ੀ ਹਕੂਮਤ ਨੇ ਉਕਤ ਮੰਗਾਂ ਨੂੰ ਰੱਦ ਕਰ ਦਿੱਤਾ ਸੀ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

**i.**ਮਨੁੱਖ ਅਧਿਕਾਰਾਂ ਦੀ ਮੰਗ ਕਿਉਂ ਕਰਦਾ ਹੈ**?**

**ii.**ਭਾਰਤੀ ਸੰਵਿਧਾਨ ਦੇ ਰਚਨਹਾਰਿਆਂ ਨੇ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਸ਼ਾਮਲ ਕਰਕੇ, ਨਾਗਰਿਕਾਂ ਦੇ ਕਿਸ ਉਦੇਸ਼ ਨੂੰ ਪੂਰਾ ਕੀਤਾ ਹੈ?

**iii.**ਕਿਸੇ ਦੇਸ਼ ਦੇ ਲੋਕਤੰਤਰੀ ਸਰੂਪ ਦੀ ਪੁਸ਼ਟੀ ਅਸੀਂ ਕਿਵੇਂ ਕਰ ਸਕਦੇ ਹਾਂ?

iv. ਬਾਲ ਗੰਗਾਧਰ ਤਿਲਕ ਨੇ ਸਵਰਾਜ ਬਿ`ਲ ਵਿੱਚ ਕਿਹੜੇ ਅਧਿਕਾਰਾਂ ਦੀ ਮੰਗ ਕੀਤੀ ਸੀ?

v. ਨਹਿਰੂ ਰਿਪੋਰਟ ਵਿੱਚ ਕੀ ਮੰਗ ਕੀਤੀ ਗਈ ਸੀ?

7. ਸਰਕਾਰ ਦੇ ਤਿੰਨ ਮੁੱਖ ਅੰਗ ਹੁੰਦੇ ਹਨ। ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ। ਵਿਧਾਨ ਮੰਡਲ ਅਰਥਾਤ ਸੰਸਦ ਦਾ ਮੁੱਖ ਕੰਮ ਕਾਨੂੰਨ ਬਣਾਉਣਾ ਹੈ। ਬਿੱਲ ਸੰਸਦ ਦੇ ਕਿਸੇ ਵੀ ਸਦਨ ਵਿੱਚ ਪੇਸ਼ ਕੀਤੇ ਜਾ ਸਕਦੇ ਹਨ। ਦੋਨਾਂ ਸਦਨਾਂ ਵਿੱਚੋਂ ਬਿੱਲ ਪਾਸ ਹੋਣ ਮਗਰੋਂ ਹੀ ਹਰੇਕ ਬਿੱਲ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜਿਆ ਜਾਂਦਾ ਹੈ। ਸਿਰਫ਼ ਧਨ ਬਿੱਲ ਜਾਂ ਵਿੱਤੀ ਬਿੱਲ ਹੀ ਲੋਕ ਸਭਾ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਦੋਵੇਂ ਸਦਨਾਂ ਵਿੱਚ ਬਿੱਲ ਸੰਬੰਧੀ ਮੱਤਭੇਦਾਂ ਨੂੰ ਦੂਰ ਕਰਨ ਲਈ ਰਾਸ਼ਟਰਪਤੀ ਦੋਵੇਂ ਸਦਨਾਂ ਦਾ ਸਾਂਝਾ ਸਮਾਗਮ ਬੁਲਾਉਂਦਾ ਹੈ। ਬਿੱਲ ਨੂੰ ਕਾਨੂੰਨ ਬਣਨ ਲਈ ਕਈ ਪੜ੍ਹਤਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਸੋ ਸੰਸਦ ਹੀ ਕਾਨੂੰਨ ਬਣਾਉਣ ਵਾਲੀ ਦੇਸ਼ ਦੀ ਸਭ ਤੋਂ ਵੱਡੀ ਸੰਸਥਾ ਹੈ। ਸੰਸਦ ਦੁਆਰਾ ਬਣਾਏ ਕਾਨੂੰਨ ਸਰਵ-ਉੱਚ ਹੁੰਦੇ ਹਨ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

**i.**ਸਰਕਾਰ ਦੇ ਤਿੰਨ ਮੁੱਖ ਅੰਗ ਕਿਹੜੇ ਹਨ**?**

**ii.** ਕਾਨੂੰਨ ਬਣਾਉਣ ਵਾਲੀ ਦੇਸ਼ ਦੀ ਸਭ ਤੋਂ ਵੱਡੀ ਸੰਸਥਾ ਕਿਹੜੀ ਹੈ**?**

**iii.**ਵਿੱਤੀ ਬਿੱਲ ਜਾਂ ਧਨ ਬਿੱਲ ਕਿਹੜੇ ਸਦਨ ਵਿੱਚ ਸਭ ਤੋਂ ਪਹਿਲਾਂ ਪੇਸ਼ ਕੀਤਾ ਜਾਂਦਾ ਹੈ**?**

iv.ਵਿਧਾਨ ਮੰਡਲ ਦਾ ਮੁੱਖ ਕੰਮ ਕੀ ਹੈ?

v. ਦੋਨਾਂ ਸਦਨਾਂ ਵਿੱਚੋਂ ਬਿੱਲ ਪਾਸ ਹੋਣ ਮਗਰੋਂ ਕਿਸ ਦੀ ਪ੍ਰਵਾਨਗੀ ਲਈ ਭੇਜਿਆ ਜਾਂਦਾ ਹੈ?

8.ਮਾਨਸੂਨ ਨੂੰ ਦੇਸ਼ ਦਾ ਉਹ ਕੇਂਦਰੀ ਧੁਰਾ ਮੰਨਿਆ ਜਾਂਦਾ ਹੈ ਜਿਸ ਉੱਤੇ ਖੇਤੀਬਾੜੀ ਦਾ ਸਮੁੱਚਾ ਆਰਥਿਕ ਢਾਂਚਾ ਨਿਰਭਰ ਕਰਦਾ ਹੈ। ਮਾਨਸੂਨੀ ਵਰਖਾ ਜਦੋਂ ਸਮੇਂ ਸਿਰ 'ਤੇ ਸਹੀ ਮਾਤਰਾ ਵਿੱਚ ਹੋ ਜਾਂਦੀ ਹੈ ਤਾਂ ਖੇਤੀ ਦਾ ਉਤਪਾਦਨ ਵੱਧ ਜਾਂਦਾ ਹੈ ਤੇ ਹਰ ਪਾਸੇ ਹਰਿਆਲੀ ਨਜ਼ਰ ਆਉਂਦੀ ਹੈ। ਮਾਨਸੂਨ ਪੌਣਾਂ ਦੀ ਅਸਫ਼ਲਤਾ ਦੇ ਕਾਰਨ ਫ਼ਸਲਾਂ ਸੁੱਕ ਜਾਂਦੀਆਂ ਹਨ। ਇਸ ਪ੍ਰਕਾਰ ਖੇਤੀਬਾੜੀ ਦੇ ਵਿਕਾਸ ਅਤੇ

ਮਾਨਸੂਨੀ ਪੌਣਾਂ ਦਾ ਦੇਸ਼ ਅੰਦਰ ਬਹੁਤ ਗੂੜ੍ਹਾ ਸੰਬੰਧ ਬਣ ਜਾਂਦਾ ਹੈ । ਭਾਰਤ ਦੇ ਸਮਾਜ ਅਤੇ ਸੱਭਿਆਚਾਰ ਤੇ ਮਾਨਸੂਨ ਪੌਣਾਂ ਦਾ ਅਸਰ ਦੇਖਣ ਨੂੰ ਮਿਲਦਾ ਹੈ। ਲੋਕਾਂ ਦੇ ਪਹਿਰਾਵੇ, ਖਾਣ-ਪੀਣ ਅਤੇ ਰੀਤੀ ਰਿਵਾਜ 'ਤੇ ਮਾਨਸੂਨ ਪੌਣਾਂ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਇਸ ਦੇ ਆਉਣ ਦੀ ਉਡੀਕ ਵਿੱਚ ਲੋਕ-ਗੀਤ ਗਾਏ ਜਾਂਦੇ ਹਨ ਜਿਵੇਂ ਪੰਜਾਬ ਵਿੱਚ ਸਾਉਣ ਦੀਆਂ ਤੀਆਂ, ਹਰਿਆਣੇ ਦਾ ਸਾਵਣ, ਭੋਜਪੁਰ ਵਿੱਚ ਕਜਰੀ ਤੇ ਬ੍ਰਿਜ ਵਿੱਚ ਮਲ੍ਹਾਰ ਆਦਿ। ਦੇਸ਼ ਦੇ ਧਾਰਮਿਕ ਜੀਵਨ 'ਤੇ ਵੀ ਮਾਨਸੂਨ ਪੌਣਾਂ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਮਾਨਸੂਨੀ ਜਲਵਾਯੂ ਨੇ ਲੋਕਾਂ ਨੂੰ ਕਿਸਮਤਵਾਦੀ ਬਣਾ ਦਿੱਤਾ ਹੈ ਜਿਸ ਲਈ ਲੋਕ ਯੱਗ ਕਰਦੇ ਹਨ। ਅਨੇਕਾਂ ਤਿਉਹਾਰ ਵੀ ਮੌਨਸੂਨ ਨਾਲ ਜੁੜੇ ਹੋਏ ਹਨ ਜਿਵੇਂ ਪੰਜਾਬ ਦਾ ਤਿਉਹਾਰ ਵਿਸਾਖੀ ਇਸ ਦੀ ਉਦਾਹਰਨ ਹੈ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

i.ਖੇਤੀਬਾੜੀ ਦਾ ਸਮੁੱਚਾ ਆਰਥਿਕ ਢਾਂਚਾ ਕਿਸ ਚੀਜ਼ ਉੱਪਰ ਨਿਰਭਰ ਕਰਦਾ ਹੈ ?

ii. ਮਾਨਸੂਨ ਦੇ ਆਉਣ ਦੀ ਉਡੀਕ ਵਿੱਚ ਕਿਹੜੇ-ਕਿਹੜੇ ਲੋਕ-ਗੀਤ ਗਾਏ ਜਾਂਦੇ ਹਨ ?

iii. ਕਿਸ ਚੀਜ਼ ਨੇ ਭਾਰਤੀ ਲੋਕਾਂ ਨੂੰ ਕਿਸਮਤਵਾਦੀ ਬਣਾ ਦਿੱਤਾ ਹੈ ?

iv. ਮਾਨਸੂਨ ਵਰਖਾ ਦੇ ਖੇਤੀਬਾੜੀ ਨੂੰ ਕਿਹੜੇ -ਕਿਹੜੇ ਫਾਇਦੇ ਹੁੰਦੇ ਹਨ?

v. ਮਾਨਸੂਨ ਪੌਣਾਂ ਲੋਕਾਂ ਦੇ ਜੀਵਨ 'ਤੇ ਕਿਹੜੇ-ਕਿਹੜੇ ਪ੍ਰਭਾਵ ਪਾਉਂਦੀਆਂ ਹਨ?

**9.** ਕਾਲੀ ਮਿੱਟੀ ਵਿੱਚ ਨਾਈਟ੍ਰੋਜਨ, ਫਾਸਫੋਰਸ ਤੇ ਜੀਵਾਂਸ਼ਾਂ ਦੀ ਘਾਟ ਹੁੰਦੀ ਹੈ ਪਰ ਲੋਹਾ, ਐਲੂਮੀਨੀਅਮ, ਪੋਟਾਸ਼, ਚੂਨਾ ਅਤੇ ਮੈਗਨੀਸ਼ੀਅਮ ਜਿਹੇ ਤੱਤ ਭਾਰੀ ਮਾਤਰਾ ਵਿੱਚ ਮਿਲਦੇ ਹਨ। ਇਹ ਮਿੱਟੀਆਂ ਜਵਾਲਾਮੁਖੀ ਲਾਵੇ ਦੇ ਫ਼ਟਣ ਤੋਂ ਬਾਅਦ ਬਣੀਆਂ ਅਗਨੀ ਚਟਾਨਾ ਤੋਂ ਟੁੱਟ ਕੇ ਬਣਦੀਆਂ ਹਨ। ਇਸ ਵਿੱਚ ਲੋਹੇ ਤੇ ਐਲੂਮੀਨੀਅਮ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਰੰਗ ਕਾਲਾ ਹੁੰਦਾ ਹੈ। ਇਹਨਾਂ ਵਿੱਚ ਬਲਾਸਟ 'ਤੇ ਚੀਕਣੀ ਮਿੱਟੀ ਦੇ ਅੰਸ਼ ਜ਼ਿਆਦਾ ਹੋਣ ਕਰਕੇ ਇਹਨਾਂ ਨੂੰ 'ਰੇਂਗੁਰ ਮਿੱਟੀ' ਵੀ ਕਿਹਾ ਜਾਂਦਾ ਹੈ। ਇਸ ਮਿੱਟੀ ਦੀ ਹੇਠਲੀ ਤਹਿ ਵਿੱਚ ਚੂਨੇ ਦੇ ਪਥਰੀਲੇ ਅੰਸ਼ ਮਿਲਣ ਕਰਕੇ ਇਹ ਪਾਣੀ ਨੂੰ ਦੇਰ ਤੱਕ ਸਾਂਭ ਕੇ ਰੱਖ ਸਕਦੀਆਂ ਹਨ। ਇਹ ਮਿੱਟੀ ਬਹੁਤ ਉਪਜਾਊ ਹੋਣ ਕਰਕੇ ਵਪਾਰਕ ਫ਼ਸਲਾਂ ਪੈਦਾ ਕਰਨ ਲਈ ਬਹੁਤ ਫਾਇਦੇਮੰਦ ਸਾਬਤ ਹੁੰਦੀ ਹੈ। ਇਸ ਕਰਕੇ ਇਹਨਾਂ ਵਿੱਚ ਗੰਨਾ, ਅਲਸੀ, ਸੂਰਜਮੁਖੀ, ਬਾਜਰਾ, ਕਪਾਹ ਅਜਿਹੀਆਂ ਫ਼ਸਲਾਂ ਦਾ ਭਰਪੂਰ ਝਾੜ ਲਿਆ ਜਾਂਦਾ ਹੈ। ਕਪਾਹ ਦੀ ਪੈਦਾਵਾਰ ਜ਼ਿਆਦਾ ਹੋਣ ਕਰਕੇ ਅਤੇ ਇਸ ਦਾ ਰੰਗ ਕਾਲਾ ਹੋਣ ਕਰਕੇ ਕਈ ਵਾਰ ਇਸ ਮਿੱਟੀ ਨੂੰ ਕਪਾਹੀ ਜਾਂ ਕਾਲੀ ਮਿੱਟੀ ਵੀ ਕਿਹਾ ਜਾਂਦਾ ਹੈ।

**ਉਪਰੋਕਤ ਪੈਰੇ ਨੂੰ ਪੜ੍ਹਨ ਉਪਰੰਤ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

**i.**ਕਾਲੀ ਮਿੱਟੀ ਵਿੱਚ ਕਿਹੜੇ ਤੱਤ ਜ਼ਿਆਦਾ ਮਾਤਰਾ ਵਿੱਚ ਪਾਏ ਜਾਂਦੇ ਹਨ?

ii.ਕਾਲੀ ਮਿੱਟੀ ਦਾ ਨਿਰਮਾਣ ਕਿਵੇਂ ਹੁੰਦਾ ਹੈ?

iii.ਕਾਲੀ ਮਿੱਟੀ ਵਿੱਚ ਕਿਹੜੀਆਂ ਫਸਲਾਂ ਵੱਧ ਉਗਾਈਆਂ ਜਾਂਦੀਆਂ ਹਨ?

iv.ਕਾਲੀ ਮਿੱਟੀ ਨੂੰ ਹੋਰ ਕਿਹੜੇ-ਕਿਹੜੇ ਨਾਵਾਂ ਨਾਲ ਜਾਣਿਆ ਜਾਂਦਾ ਹੈ?

v.ਕਾਲੀ ਮਿੱਟੀ ਦਾ ਰੰਗ ਕਾਲਾ ਹੋਣ ਦਾ ਕੀ ਕਾਰਨ ਹੈ?

10. ਪੁਰਾਣੇ ਔਜ਼ਾਰ, ਬਰਤਨ, ਗਹਿਣੇ, ਭਵਨ, ਸਿੱਕੇ ਅਤੇ ਅਭਿਲੇਖ ਇਤਹਾਸ ਨੂੰ ਜਾਨਣ ਦੇ ਸਾਧਨ ਹਨ। ਹਨ। ਇਤਿਹਾਸਕ ਘਟਨਾਵਾਂ ਜਾਂਚੀਆਂ ਅਤੇ ਪਰਖੀਆਂ ਹੋਈਆਂ ਹੋਣੀਆਂ ਚਾਹੀਦੀਆਂ ਹਨ। ਪ੍ਰਾਚੀਨ ਇਤਿਹਾਸ ਨੂੰ ਜਾਣਨ ਲਈ ਬਹੁਤ ਸਾਰੇ ਸੋਮੇ ਸਹਾਇਕ ਸਿੱਧ ਹੋਏ ਹਨ । ਪੁਰਾਣੇ ਮਹਿਲ, ਮੰਦਿਰ ਅਤੇ ਕਿਲ੍ਹੇ ਆਦਿ ਤੋਂ ਸਾਨੂੰ ਉਸ ਸਮੇਂ ਦੇ ਸ਼ਾਸਕਾਂ, ਉਨ੍ਹਾਂ ਦੀ ਹਾਲਤ ਅਤੇ ਸਮਾਜ ਦੀ ਜਾਣਕਾਰੀ ਮਿਲਦੀ ਹੈ। ਰਾਜਿਆਂ ਦੁਆਰਾ ਆਪਣੇ ਆਦੇਸ਼ਾਂ ਨੂੰ ਸਭ ਤੱਕ ਪਹੁੰਚਾਉਣ ਅਤੇ ਆਪਣੀ ਜਿੱਤ ਦੀ ਪ੍ਰਸ਼ੰਸਾ ਦਾ ਪ੍ਰਚਾਰ ਕਰਨ ਲਈ ਕਈ ਅਭਿਲੇਖ ਪੱਥਰਾਂ, ਧਾਤ-ਪੱਤਰਾਂ ਅਤੇ ਖੰਭਿਆਂ ਉੱਤੇ ਲਿਖਵਾਏ ਜਾਂਦੇ ਸਨ ।ਰਾਜਿਆਂ ਦੇ ਸਿੱਕਿਆਂ ਤੋਂ ਵੀ ਵੱਖ-ਵੱਖ ਰਾਜਾਂ ਦੇ ਨਾਮ ਅਤੇ ਉਨ੍ਹਾਂ ਦੇ ਸ਼ਾਸਨ ਦਾ ਸਮਾਂ ਪਤਾ ਚੱਲਦਾ ਹੈ। ਸਿੱਕਿਆਂ ਦੇ ਆਕਾਰ ਅਤੇ ਡਿਜ਼ਾਈਨ ਤੋਂ, ਉਸ ਸਮੇਂ ਦੀ ਕਲਾ ਅਤੇ ਧਾਤ ਤੋਂ ਉਸ ਸਮੇਂ ਦੀ ਆਰਥਿਕ ਹਾਲਤ ਦਾ ਪਤਾ ਚੱਲਦਾ ਹੈ। ਇਤਿਹਾਸਕਾਰਾਂ ਦੁਆਰਾ ਉਹਨਾਂ ਥਾਂਵਾਂ ਦੀ ਖੁਦਾਈ ਕੀਤੀ ਜਾਂਦੀ ਹੈ ਜਿੱਥੇ ਉਹਨਾਂ ਨੂੰ ਇੰਝ ਲੱਗਦਾ ਹੈ ਕਿ ਹੈ ਇੱਥੇ ਕੋਈ ਪੁਰਾਣੀ ਬਸਤੀ ਜਾਂ ਸ਼ਹਿਰ ਰਿਹਾ ਹੋਵੇਗਾ। ਉਸ ਥਾਂ ਤੋਂ ਖੁਦਾਈ ਵਿੱਚ ਪ੍ਰਾਪਤ ਵਸਤੂਆਂ ,ਬਰਤਨ, ਘਰ, ਹਥਿਆਰ, ਸਿੱਕੇ ਅਤੇ ਗਹਿਣੇ ਆਦਿ ਤੋਂ ਉਹਨਾਂ ਦੇ ਇਤਿਹਾਸ ਦਾ ਪਤਾ ਚੱਲਦਾ ਹੈ। ਪੁਰਾਣੇ ਸਮੇਂ ਦੀਆਂ

ਪੁਸਤਕਾਂ ਵੀ ਇਤਿਹਾਸ ਨੂੰ ਜਾਨਣ ਦਾ ਮਹੱਤਵਪੂਰਨ ਸਾਧਨ ਹਨ। ਧਾਰਮਿਕ ਪੁਸਤਕਾਂ ਅਤੇ ਸਾਧਾਰਨ ਵਿਸ਼ਿਆਂ ਦੀਆਂ ਪੁਸਤਕਾਂ ਇਤਿਹਾਸ ਨੂੰ ਜਾਨਣ ਵਿੱਚ ਕਾਫੀ ਲਾਭਦਾਇਕ ਸਿੱਧ ਹੋਈਆਂ ਹਨ।

**ਉੱਪਰ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:-**

i. ਇਤਿਹਾਸ ਨੂੰ ਜਾਨਣ ਵਾਲੇ ਸੋਮੇ ਕਿਹੜੇ-ਕਿਹੜੇ ਹਨ?

ii. ਆਰਥਿਕ ਹਾਲਤ ਦਾ ਪਤਾ ਸਾਨੂੰ ਕਿਨ੍ਹਾਂ ਸੋਮਿਆਂ ਤੋਂ ਪ੍ਰਾਪਤ ਹੁੰਦਾ ਹੈ?

iii.ਪੁਰਾਤਨ ਸਮਾਜ ਦੀ ਜਾਣਕਾਰੀ ਸਾਨੂੰ ਕਿਹੜੇ ਇਤਿਹਾਸਕ ਸੋਮਿਆਂ ਤੋਂ ਪ੍ਰਾਪਤ ਹੁੰਦੀ ਹੈ?

iv.ਰਾਜੇ ਆਪਣੀ ਜਿੱਤ ਦਾ ਪ੍ਰਚਾਰ ਕਰਨ ਲਈ ਕੀ ਕਰਦੇ ਸਨ?

v.ਕੀ ਪੁਸਤਕਾਂ ਵੀ ਇਤਿਹਾਸ ਨੂੰ ਜਾਨਣ ਦਾ ਸੋਮਾ ਹਨ?

## Class 8th: Solved Map Files Link

https://drive.google.com/drive/folders/1ytvwhzrnKnipbtk6Rf1AiDuOFN1Py0eH?usp=sharing

## ਨਕਸ਼ਾ ਅਭਿਆਸ

**1. ਭਾਰਤ ਦੇ ਭੌਤਿਕ ਨਕਸ਼ੇ ਵਿੱਚ ਹੇਠਾਂ ਦਿੱਤੇ ਸਥਾਨ ਅੰਕਿਤ ਕਰੋ।**

1. ਜਲੌਢੀ ਮਿੱਟੀ ਵਾਲਾ ਇੱਕ ਖੇਤਰ

2. ਗੰਗਾ ਨਦੀ

3. ਸਦਾਬਹਾਰ ਜੰਗਲਾਂ ਵਾਲਾ ਇੱਕ ਖੇਤਰ

4. ਬ੍ਰਹਮਪੁੱਤਰ ਨਦੀ

5. ਕਾਲੀ ਮਿੱਟੀ ਵਾਲਾ ਇੱਕ ਰਾਜ

6. ਪਰਬਤੀ ਬਨਸਪਤੀ ਦਾ ਖੇਤਰ

7. ਭਾਰਤ ਦਾ ਇੱਕ ਉੱਤਰੀ ਮੈਦਾਨ

8. ਡੈਲਟਾ ਕਿਸਮ ਦੀ ਬਨਸਪਤੀ ਵਾਲਾ ਖੇਤਰ


N
INDIA
BLANK MAP
Bay of Bengal
Arabian Sea
International Boundary
Map not to Scale
INDIAN
OCEAN

2. ਭਾਰਤ ਦੇ ਭੌਤਿਕ ਨਕਸ਼ੇ ਵਿੱਚ ਕੱਚਾ ਲੋਹਾ, ਮੈਂਗਨੀਜ਼, ਸੋਨਾ, ਤਾਂਬਾ, ਅਬਰਕ ਅਤੇ ਬਾਕਸਾਈਟ ਦੇ ਖੇਤਰ ਭਰੋ:-



3. ਭਾਰਤ ਦੇ ਭੌਤਿਕ ਨਕਸ਼ੇ ਵਿੱਚ ਚਾਹ, ਕਣਕ, ਚਾਵਲ, ਕਪਾਹ ਅਤੇ ਪਟਸਨ ਦੇ ਖੇਤਰ ਭਰੋ:-



**4. ਭਾਰਤ ਦੇ ਭੌਤਿਕ ਨਕਸ਼ੇ ਵਿੱਚ ਹੇਠ ਲਿਖੇ ਸਥਾਨ ਭਰੋ:-**

1. ਸਥਾਈ ਬੰਦੋਬਸਤ ਵਾਲਾ ਕੋਈ ਰਾਜ
2. ਰੱਈਅਤਵਾੜੀ ਪ੍ਰਬੰਧ ਵਾਲਾ ਕੋਈ ਰਾਜ
3. ਮਹਿਲਵਾੜੀ ਪ੍ਰਬੰਧ ਵਾਲਾ ਕੋਈ ਰਾਜ
4. ਸੂਤੀ ਕੱਪੜੇ ਦਾ ਪਹਿਲਾ ਕਾਰਖਾਨਾ
5. ਚਾਹ ਦਾ ਪਹਿਲਾ ਬਾਗ
6. ਕੌਫੀ ਦਾ ਪਹਿਲਾ ਬਾਗ
7. ਪਟਸਨ ਦਾ ਪਹਿਲਾ ਕਾਰਖਾਨਾ
8. ਕੋਲੇ ਦੀ ਪਹਿਲੀ ਖਾਣ



**5. ਭਾਰਤ ਦੇ ਭੌਤਿਕ ਨਕਸ਼ੇ ਵਿੱਚ ਹੇਠ ਲਿਖੇ ਸਥਾਨ ਭਰੋ:-**

1. ਨੀਲ ਉਦਯੋਗ ਵਾਲਾ ਇੱਕ ਸਥਾਨ
2. ਮੁੰਬਈ
3. ਫੋਰਟ ਸੇਂਟ ਜਾਰਜ
4. ਗੇਟਵੇ ਆਫ਼ ਇੰਡੀਆ
5. ਮੈਰੀਨਾ ਬੀਚ
6. ਪ੍ਰਿੰਸ ਆਫ਼ ਵੇਲਜ਼ ਮਿਊਜ਼ੀਅਮ
7. ਚੇਨੱਈ
8. ਦਿੱਲੀ




**ਯੋਗਦਾਨ:** ਰਣਜੀਤ ਕੌਰ (ਸ.ਸ.ਮਿਸਟ੍ਰੈਸ) ਸ.ਸ.ਸ.ਸ.ਤਿੱਬੜ, ਗੁਰਦਾਸਪੁਰ, ਹਰਦਵਿੰਦਰ ਸਿੰਘ, (ਸ.ਸ ਮਾਸਟਰ) ਸ.ਹ.ਸ ਮੀਆਂਪੁਰ ਚੰਗਰ, ਐਸ.ਏ.ਐਸ.ਨਗਰ ਅਤੇ ਮਨਦੀਪ ਕੌਰ (ਸ.ਸ.ਮਿਸਟ੍ਰੈਸ) ਸ.ਕੰ.ਸ.ਸ.ਸ.ਸ.ਦਾਖਾਂ, ਲੁਧਿਆਣਾ